SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 29 | Friday, February 09, 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਗੱਡੀਆਂ ਚੋਰੀ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ : ਟਰੂਡੋ

ਓਟਵਾ, 8 ਫਰਵਰੀ (ਪੋਸਟ ਬਿਊਰੋ) : ਗੱਡੀਆਂ ਚੋਰੀ ਕਰਨ ਦੇ ਵਧੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਵਿਚਾਰ ਵਟਾਂਦਰਾ ਕਰਨ ਵਾਸਤੇ ਰੱਖੀ ਗਈ ਸਿਖਰ ਵਾਰਤਾ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਗੱਡੀਆਂ ਚੋਰੀ ਕਰਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

ਉਨ੍ਹਾਂ ਆਖਿਆ ਕਿ ਕਿਸ ਤਰ੍ਹਾਂ ਕੈਨੇਡੀਅਨ ਗੱਡੀਆਂ ਘਾਨਾਂ ਤੇ ਨਾਈਜੀਰੀਆ ਵਰਗੀਆਂ ਥਾਂਵਾਂ ਉੱਤੇ ਪਹੁੰਚਾਈਆਂ ਜਾ ਰਹੀਆਂ ਹਨ। ਇੱਕ ਪਰਿਵਾਰ ਦੀ ਐਸਯੂਵੀ ਨੂੰ ਤਿੰਨ ਵਾਰੀ ਵੱਖ ਵੱਖ ਥਾਂਵਾਂ ਤੋਂ ਚੋਰੀ ਕੀਤਾ ਗਿਆ। ਉਨ੍ਹਾਂ ਆਖਿਆ ਕਿ ਦਿਨੋਂ ਦਿਨ ਸੰਗਠਿਤ ਜੁਰਮ ਵੱਧਦਾ ਜਾ ਰਿਹਾ ਹੈ ਤੇ ਚੋਰੀ ਦੀਆਂ ਕਾਰਾਂ ਦੀ ਵਿਦੇਸ਼ਾਂ ਵਿੱਚ ਮਾਰਕਿਟ ਦਾ ਵੀ ਕਾਫੀ ਪਸਾਰ ਹੋ ਚੁੱਕਿਆ ਹੈ।ਟਰੂਡੋ ਨੇ ਸਾਬਕਾ ਕੰਜ਼ਰਵੇਟਿਵ ਸਰਕਾਰ ਉੱਤੇ ਦੋਸ਼ ਲਾਉਂਦਿਆਂ ਆਖਿਆ ਕਿ ਕੰਜ਼ਰਵੇਟਿਵਾਂ ਵੱਲੋਂ ਹੀ ਬਾਰਡਰ ਸਕਿਊਰਿਟੀ ਉੱਤੇ ਹੋਣ ਵਾਲੇ ਖਰਚੇ ਨੂੰ ਘਟਾਇਆ ਗਿਆ ਸੀ ਤੇ ਇਸੇ ਲਈ ਚੋਰੀ ਦੀਆਂ ਗੱਡੀਆਂ ਨੂੰ ਦੇਸ਼ ਤੋਂ ਬਾਹਰ ਜਾਣ ਤੋਂ ਰੋਕਣਾ ਕਾਫੀ ਮੁਸ਼ਕਲ ਹੋ ਗਿਆ ਹੈ।



ਆਪਣੇ ਮੁੱਖ ਵਿਰੋਧੀ ਪਿਏਰ ਪੌਲੀਏਵਰ ਉੱਤੇ ਵਰ੍ਹਦਿਆਂ ਟਰੂਡੋ ਨੇ ਆਖਿਆ ਕਿ ਤਰ੍ਹਾਂ ਤਰ੍ਹਾਂ ਦੇ ਨਾਅਰੇ ਲਾ ਕੇ ਗੱਡੀਆਂ ਦੀਆਂ ਚੋਰੀਆਂ ਨੂੰ ਰੋਕਿਆ ਨਹੀਂ ਜਾ ਸਕਦਾ ਤੇ ਦੋ ਮਿੰਟ ਦੇ ਯੂਟਿਊਬ ਵੀਡੀਓ ਨਾਲ ਸੰਗਠਿਤ ਕ੍ਰਾਈਮ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ। ਗੱਡੀਆਂ ਦੀਆਂ ਚੋਰੀਆਂ ਰੋਕਣ ਲਈ ਪੁਲਿਸ, ਬਾਰਡਰ ਸਰਵਿਸਿਜ਼, ਪੋਰਟ ਅਧਿਕਾਰੀਆਂ, ਕਾਰਮੇਕਰਜ਼ ਤੇ ਇੰਸ਼ੋਰੈਂਸ ਕੰਪਨੀਆਂ ਨੂੰ ਇੱਕ ਮੰਚ ਉੱਤੇ ਲਿਆਉਣਾ ਹੋਵ-ੇਗਾ।

ਇੰਡਸਟਰੀ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਨੇ ਬਾਅਦ ਵਿੱਚ ਆਖਿਆ ਕਿ ਸਰਕਾਰ ਹਾਈ-ਟੈਕ ਡਿਵਾਈਸਿਜ਼ ਦੇ ਇੰਪੋਰਟ ਉੱਤੇ ਵੀ ਪਾਬੰਦੀ ਲਾਉਣ ਬਾਰੇ ਵਿਚਾਰ ਕਰ ਰਹੀ ਹੈ ਕਿਉਂਕਿ ਅਜਿਹੀਆਂ ਡਿਵਾਈਸਿਜ਼ ਕਾਰਨ ਹੀ ਇਹ ਗੈਰਕਾਨੂੰਨੀ ਟਰੇਡ ਵੱਧ-ਫੁੱਲ ਰਿਹਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਬੁੱਧਵਾਰ ਨੂੰ ਸਰਕਾਰ ਨੇ ਚੋਰੀ ਦੀਆਂ ਗੱਡੀਆਂ ਦੇ ਐਕਸਪੋਰਟ ਨੂੰ ਰੋਕਣ ਲਈ 28 ਮਿਲੀਅਨ ਡਾਲਰ ਖਰਚਣ ਦਾ ਐਲਾਨ ਕੀਤਾ ਹੈ।




## ਮੁਲਾਜ਼ਮਾਂ ਦੀਆਂ ਛਾਂਗੀਆਂ ਦੇ ਨਾਲ ਨਾਲ 45 ਰੇਡੀਓ ਸਟੇਸ਼ਨ ਵੇਚੇਗਾ ਬੈੱਲ ਮੀਡੀਆ

ਓਟਵਾ, 8 ਫਰਵਰੀ (ਪੋਸਟ ਬਿਊਰੋ) : ਬੀਸੀਈ ਇਨਕਾਰਪੋਰੇਸ਼ਨ ਵੱਲੋਂ ਆਪਣੀ ਵਰਕਫੋਰਸ ਦਾ ਨੌਂ ਫੀ ਸਦੀ ਹਿੱਸਾ ਛਾਂਗ ਦਿੱਤਾ ਗਿਆ ਹੈ ਤੇ 103 ਰੀਜਨਲ ਰੇਡੀਓ ਸਟੇਸ਼ਨਜ਼ ਵਿੱਚੋਂ 45 ਨੂੰ ਕੰਪਨੀ ਵੇਚਣ ਜਾ ਰਹੀ ਹੈ। ਛਾਂਗੇ ਗਏ ਮੁਲਾਜ਼ਮਾਂ ਵਿੱਚ ਪੱਤਰਕਾਰਾਂ ਦੇ ਨਾਲ ਨਾਲ ਬੈੱਲ ਮੀਡੀਆ ਦੀ ਇਸ ਸਬਸਿਡਰੀ ਦੇ ਹੋਰ ਵਰਕਰ ਵੀ ਸ਼ਾਮਲ ਹਨ।

ਪ੍ਰਭਾਵਿਤ ਸਟੇਸ਼ਨਾਂ ਵਿੱਚ ਬ੍ਰਿਟਿਸ਼ ਕੋਲੰਬੀਆ, ਓਨਟਾਰੀਓ, ਕਿਊਬਿਕ ਤੇ ਐਟਲਾਂਟਿਕ ਕੈਨੇਡਾ ਸ਼ਾਮਲ ਹਨ।ਵੀਰਵਾਰ ਨੂੰ ਕੰਪਨੀ ਨੇ ਇੱਕ ਖੁੱਲ੍ਹੇ ਪੱਤਰ, ਜਿਸ ਉੱਤੇ ਚੀਫ ਐਗਜ਼ੈਕਟਿਵ ਮਰਕੋ ਬਿਬਿਕ ਨੇ ਸਾਈਨ ਕੀਤੇ ਹੋਏ ਸਨ, ਰਾਹੀਂ ਐਲਾਨ ਕੀਤਾ ਕਿ ਕੰਪਨੀ ਦੇ ਹਰ ਪੱਧਰ ਤੋਂ 4800 ਨੌਕਰੀਆਂ ਕੱਟੀਆਂ ਜਾਣਗੀਆਂ। ਕੁੱਝ ਮੁਲਾਜ਼ਮਾਂ ਨੂੰ ਵੀਰਵਾਰ ਨੂੰ ਇਹ ਦੱਸ ਦਿੱਤਾ ਗਿਆ ਕਿ ਉਨ੍ਹਾਂ ਦੀ ਛਾਂਗੀ ਕੀਤੀ ਜਾ ਰਹੀ ਹੈ ਤੇ ਬਾਕੀ ਹੋਰਨਾਂ ਨੂੰ ਬਸੰਤ ਵਿੱਚ ਇਸ ਬਾਰੇ ਜਾਣਕਾਰੀ ਦੇ ਦਿੱਤੀ ਜਾਵੇਗੀ।




ਪਿਛਲੀ ਬਸੰਤ ਤੋਂ ਲੈ ਕੇ ਮੀਡੀਆ ਤੇ ਟੈਲੀਕਮਿਊਨਿਕੇਸ਼ਨਜ਼ ਕੰਪਨੀ ਵੱਲੋਂ ਕੀਤੀ ਗਈ ਇਹ ਦੂਜੀ ਵੱਡੀ ਛਾਂਗੀ ਹੈ। ਉਸ ਸਮੇਂ ਬੈੱਲ ਮੀਡੀਆ ਵੱਲੋਂ ਛੇ ਫੀ ਸਦੀ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਿਆ ਗਿਆ ਸੀ ਤੇ ਨੌਂ ਰੇਡੀਓ ਸਟੇਸ਼ਨ ਜਾਂ ਤਾਂ ਬੰਦ ਕਰ ਦਿੱਤੇ ਗਏ ਸਨ ਤੇ ਜਾਂ ਫਿਰ ਵੇਚ ਦਿੱਤੇ ਗਏ ਸਨ। ਬੈੱਲ ਮੀਡੀਆ ਦੇ ਪ੍ਰੈਜ਼ੀਡੈਂਟ ਸ਼ਾਨ ਕੋਹਨ ਨੇ ਇੱਕ ਵੱਖਰੇ ਅੰਤਰਿਮ ਬਿਆਨ ਵਿੱਚ ਆਖਿਆ ਕਿ ਕੰਪਨੀ ਆਪਣੇ 45 ਰੇਡੀਓ ਸਟੇਸ਼ਨਜ਼ ਨੂੰ ਸੱਤ ਖਰੀਦਦਾਰਾਂ, ਵਿਸਟਾ ਰੇਡੀਓ, ਵ੍ਹਾਈਟਓਕਸ, ਦਰਹਾਮ ਰੇਡੀਓ, ਮਾਇ ਬ੍ਰੌਡਕਾਸਟਿੰਗ ਕਾਰਪੋਰੇਸ਼ਨ, ਜ਼ੂਮਰਮੀਡੀਆ, ਆਰਸਨਲ ਮੀਡੀਆ ਤੇ ਮੈਰੀਟਾਈਮ ਬ੍ਰੌਡਕਾਸਟਿੰਗ ਨੂੰ ਵੇਚਣ ਦਾ ਇਰਾਦਾ ਰੱਖਦੀ ਹੈ।

ਬੈੱਲ ਦੇ ਚੀਫ ਲੀਗਲ ਐਂਡ ਰੈਗੂਲੇਟਰੀ ਆਫੀਸਰ ਰੌਬਰਟ ਮੈਲਕੌਮਸਨ ਨੇ ਆਖਿਆ ਕਿ ਹੁਣ ਇਹ ਫਾਇਦੇ ਦਾ ਸੌਦਾ ਨਹੀਂ ਰਿਹਾ।ਬੈੱਲ ਮੀਡੀਆ ਰੇਡੀਓ ਸਟੇਸ਼ਨਜ਼ ਹੇਠ ਲਿਖੇ ਅਨੁਸਾਰ ਵੇਚੇ ਜਾਣਗੇ :

...ਬਾਕੀ ਪੰਨਾ 6 'ਤੇ

## ਓਨਟਾਰੀਓ ਦੇ ਸਕੂਲਾਂ ਵਿੱਚ ਲਾਜ਼ਮੀ ਤੌਰ ਉੱਤੇ ਪੜ੍ਹਾਈ ਜਾਵੇਗੀ ਬਲੈਕ ਹਿਸਟਰੀ

ਓਨਟਾਰੀਓ, 8 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਦਾ ਕਹਿਣਾ ਹੈ ਕਿ ਪ੍ਰੋਵਿੰਸ ਵੱਲੋਂ ਬਲੈਕ ਕੈਨੇਡੀਅਨਜ਼ ਦੇ ਯੋਗਦਾਨ ਨੂੰ 7ਵੀਂ, 8ਵੀਂ ਤੇ 10ਵੀਂ ਕਲਾਸਾਂ ਵਿੱਚ ਲਾਜ਼ਮੀ ਤੌਰ ਉੱਤੇ ਪੜ੍ਹਾਇਆ ਜਾਵੇਗਾ।

ਸਟੀਫਨ ਲਿਚੇ ਨੇ ਆਖਿਆ ਕਿ ਬਲੈਕ ਲੋਕਾਂ ਦਾ ਇਤਿਹਾਸ, ਕੈਨੇਡੀਅਨ ਇਤਿਹਾਸ ਹੈ ਤੇ ਇਸ ਨੂੰ ਪਾਠਕ੍ਰਮ ਦਾ ਹਿੱਸਾ ਬਣਾਏ ਜਾਣ ਨਾਲ ਆਉਣ ਵਾਲੀ ਪੀੜ੍ਹੀ ਨੂੰ ਬਲੈਕ ਕੈਨੇਡੀਅਨਜ਼ ਵੱਲੋਂ ਦਿੱਤੇ ਗਏ ਬਲੀਦਾਨਾਂ ਦਾ ਪਤਾ ਲੱਗੇਗਾ। ਪ੍ਰੋਵਿੰਸ ਵੱਲੋਂ ਇਤਿਹਾਸਕਾਰਾਂ, ਐਜੂਕੇਟਰਜ਼ ਤੇ ਬਲੈਕ ਕਮਿਊਨਿਟੀ ਨਾਲ ਰਲ ਕੇ ਪਾਠਕ੍ਰਮ ਤਿਆਰ ਕੀਤਾ ਜਾ ਰਿਹਾ ਹੈ ਤੇ ਇਸ ਪਾਠਕ੍ਰਮ ਨੂੰ ਸਤੰਬਰ 2025 ਵਿੱਚ ਲਾਗੂ ਕਰ ਦਿੱਤਾ ਜਾਵੇਗਾ।



ਸਿੱਖਿਆ ਮੰਤਰੀ ਦੀ ਪਾਰਲੀਆਮੈਂਟਰੀ ਅਸਿਸਟੈਂਟ ਪੈਟ੍ਰਿਸ ਬਾਰਨਜ਼ ਵੱਲੋਂ ਪਾਠਕ੍ਰਮ ਵਿੱਚ ਤਬਦੀਲੀ ਸਬੰਧੀ ਇਸ ਮਾਮਲੇ ਦੀ ਅਗਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਉਹ ਚਾਹੁੰਦੀ ਹੈ ਕਿ ਦੇਸ਼ ਦੇ ਵੰਨ ਸਵੰਨੇ ਤੇ ਵਿਲੱਖਣ ਵਿਰਸੇ ਬਾਰੇ ਵਿਦਿਆਰਥੀਆਂ ਨੂੰ ਹੋਰ ਚੰਗੀ ਤਰ੍ਹਾਂ ਪਤਾ ਲੱਗੇ। ਲਿਚੇ ਨੇ ਪਿੱਛੇ ਜਿਹੇ ਪੁਰ-ਾਣਾ ਬੇਸਿਕ ਕਿੰਡਰਗਾਰਟਨ ਪਾਠਕ੍ਰਮ ਲਾਗੂ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਲਿਚੇ ਵੱਲੋਂ ਹੋਲੋਡੋਮੋਰ ਸੋਕੇ ਬਾਰੇ ਤੇ ਹੋਲੋਕਾਸਟ ਬਾਰੇ ਸੈਕੰਡਰੀ ਸਕੂਲ ਵਿੱਚ ਪਾਠਕ੍ਰਮ ਲਾਗੂ ਕਰਨ ਬਾਰੇ ਵੀ ਆਖਿਆ ਜਾ ਰਿਹਾ ਹੈ।

ਇਸ ਤੋਂ ਇਲਾਵਾ ਸਰਕਾਰ ਨੇ ਨਵਾਂ ਮੈਥ, ਲੈਂਗੁਏਜ ਐਂਡ ਸਾਇੰਸ ਤੇ ਤਕਨਾਲੋਜੀ ਸਬੰਧੀ ਪਾਠਕ੍ਰਮ ਵੀ ਪੇਸ਼ ਕੀਤਾ ਹੈ।

MagGas Medical Brampton
MGM
MAGGAS MEDICAL INC.
(647) 954-9885
20 Maritime Ont Blvd Unit 15
Brampton, ON L6S 0C2

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀਜ਼ ਇਸਟ੍ਰਕਟਰ
647-998-7500 ਬਲਵਿੰਦਰ

## ਇੱਕਲੀ ਗੱਡੀ ਨੂੰ ਪੇਸ਼ ਆਏ ਹਾਦਸੇ ਵਿੱਚ 3 ਵਿਅਕਤੀਆਂ ਦੀ ਹੋਈ ਮੌਤ

ਬਰੈਂਪਟਨ, 8 ਫਰਵਰੀ (ਪੋਸਟ ਬਿਊਰੋ) : ਬਰੈਂਪਟਨ ਵਿੱਚ ਰਾਤ ਸਮੇਂ ਵਾਪਰੇ ਹਾਦਸੇ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ।

ਇੱਕਲੀ ਗੱਡੀ ਨੂੰ ਪੇਸ਼ ਆਏ ਹਾਦਸੇ ਤੋਂ ਬਾਅਦ ਰਾਤੀਂ 1;30 ਵਜੇ ਦੇ ਨੇੜੇ ਤੇੜੇ ਐਮਰਜੰਸੀ ਅਮਲੇ ਨੂੰ ਬੋਵੇਅਰਡ ਡਰਾਈਵ ਤੇ ਚਿੰਗੁਆਕਸੀ ਰੋਡ ਇਲਾਕੇ ਵਿੱਚ ਸੱਦਿਆ ਗਿਆ। ਇੱਕ ਗੱਡੀ ਖੰਭੇ ਨਾਲ ਟਕਰਾ ਜਾਣ ਕਾਰਨ ਬੁਰੀ ਤਰ੍ਹਾਂ ਨੁਕਸਾਨੀ ਜਾ ਚੁੱਕੀ ਸੀ। ਪੀਲ ਪੈਰਾਮੈਡਿਕਸ ਨੇ ਦੱਸਿਆ ਕਿ ਜਦੋਂ ਉਹ ਘਟਨਾ ਵਾਲੀ ਥਾਂ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਤਿੰਨ ਵਿਅਕਤੀ ਗੱਡੀ ਦੇ ਅੰਦਰ ਜ਼ਖ਼ਮੀ ਹਾਲਤ ਵਿੱਚ ਮਿਲੇ। ਤਿੰਨਾਂ ਵਿਅਕਤੀਆਂ ਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਦੱਸਿਆ ਕਿ ਉਹ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਕਿਤੇ ਕੋਈ ਹੋਰ ਗੱਡੀ ਇਸ ਘਟਨਾ ਵਿੱਚ ਸ਼ਾਮਲ ਤਾਂ ਨਹੀਂ ਸੀ ਜਿਹੜੀ ਹਾਦਸੇ ਤੋਂ ਬਾਅਦ ਰੁਕੀ ਨਾ ਹੋਵੇ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਪਾਕਿਸਤਾਨ 'ਚ ਆਮ ਚੋਣਾਂ ਲਈ ਵੋਟਿੰਗ ਸ਼ੁਰੂ, ਹਿੰਸਾ ਦੇ ਮੱਦੇਨਜ਼ਰ 6.50 ਲੱਖ ਸੁਰੱਖਿਆ ਮੁਲਾਜ਼ਮ ਤਾਇਨਾਤ

ਇਸਲਾਮਾਬਾਦ, 8 ਫਰਵਰੀ (ਪੋਸਟ ਬਿਊਰੋ): ਪਾਕਿਸਤਾਨ ਦੀਆਂ ਆਮ ਚੋਣਾਂ ਲਈ ਵੋਟਿੰਗ ਜਾਰੀ ਹੈ। ਇਸ ਤੋਂ ਪਹਿਲਾਂ ਮੰਗਲਵਾਰ ਰਾਤ ਨੂੰ ਚੋਣ ਪ੍ਰਚਾਰ ਖਤਮ ਹੋ ਗਿਆ। 100 ਵਿਦੇਸ਼ੀ ਆਬਜ਼ਰਵਰ ਪਾਕਿਸਤਾਨੀ ਚੋਣ ਪ੍ਰਕਿਰਿਆ 'ਤੇ ਨਜ਼ਰ ਰੱਖ ਰਹੇ ਹਨ। ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਦੇ ਪਾਕਿਸਤਾਨ 'ਚ ਆਮ ਚੋਣਾਂ 'ਚ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰਨ ਦੀ ਉਮੀਦ ਹੈ। ਇਮਰਾਨ ਖਾਨ ਦੇ ਜੇਲ 'ਚ ਹੋਣ ਅਤੇ ਚੋਣ ਨਿਸ਼ਾਨ ਨੂੰ ਲੈ ਕੇ ਹੋਏ ਵਿਵਾਦ ਦਾ ਸ਼ਰੀਫ ਨੂੰ ਪੂਰਾ ਫਾਇਦਾ ਹੈ। ਪੀਪੀਪੀ ਦੇ ਬਿਲਾਵਲ ਭੁੱਟੋ ਦਾ ਪੰਜਾਬ ਵਿੱਚ ਬਹੁਤਾ ਪ੍ਰਭਾਵ ਨਹੀਂ ਹੈ। ਜੇਕਰ ਸ਼ਰੀਫ ਜਿੱਤ ਜਾਂਦੇ ਹਨ ਤਾਂ ਉਹ ਚੌਥੀ ਵਾਰ ਪ੍ਰਧਾਨ ਮੰਤਰੀ ਬਣ ਜਾਣਗੇ। ਪਾਕਿਸਤਾਨ ਵਿੱਚ ਕੁੱਲ 90,675 ਪੋਲਿੰਗ ਸਟੇਸ਼ਨ ਹੋਣਗੇ। ਇਨ੍ਹਾਂ ਸਟੇਸ਼ਨਾਂ 'ਤੇ 2,76,402 ਪੋਲਿੰਗ ਸਟੇਸ਼ਨ ਬਣਾਏ ਜਾਣਗੇ।



ਪਾਕਿਸਤਾਨ ਦੇ ਚੋਣ ਕਮਿਸ਼ਨ (ਈਸੀਪੀ) ਨੇ ਕਿਹਾ ਕਿ ਆਮ ਚੋਣਾਂ ਵਿੱਚ 12.85 ਕਰੋੜ ਤੋਂ ਵੱਧ ਰਜਿਸਟਰਡ ਵੋਟਰ ਆਪਣੀ ਵੋਟ ਦੀ ਵਰਤੋਂ ਕਰਨਗੇ। ਅਸ਼ਾਂਤ ਬਲੋਚਿਸਤਾਨ ਵਿੱਚ ਵਾਧੂ ਚੌਕਸੀ ਰੱਖੀ ਜਾ ਰਹੀ ਹੈ। ਪਾਕਿਸਤਾਨ ਦੇ ਚੋਣ ਕਮਿਸ਼ਨ ਦੇ ਅਨੁਸਾਰ, ਕੁੱਲ 12,85,85,760 ਰਜਿਸਟਰਡ ਵੋਟਰ ਨੈਸ਼ਨਲ ਅਸੈਂਬਲੀ ਦੀਆਂ ਸੀਟਾਂ ਲਈ ਵੋਟ ਪਾਉਣ ਦੇ ਯੋਗ ਹਨ। ਇਨ੍ਹਾਂ ਵਿੱਚ 4,807 ਪੁਰਸ਼, 312 ਔਰਤਾਂ ਅਤੇ ਦੋ ਟਰਾਂਸਜੈਂਡਰ ਉਮੀਦਵਾਰ ਸ਼ਾਮਲ ਹਨ।

SUPER VISA INSURANCE EXPERTS
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਅੱਜ ਨਾਮਾ >>

ਪੇਪਰ ਕੇਂਦਰ ਸਰਕਾਰ ਇੱਕ ਪੇਸ਼ ਕੀਤਾ,
ਕਾਂਗਰਸ ਰਾਜ ਦੇ ਗੁਨਾਹ ਗਿਣਾਏ ਬੇਲੀ।
ਟੈਲੀਕਾਮ, ਕੋਲਾ ਜਾਂ ਵੱਡਾ ਖੇਡ ਘਪਲਾ,
ਇੰਦਰਾ ਰਾਜ ਦੇ ਕੇਸ ਕਈ ਪਾਏ ਬੇਲੀ।
ਕਾਂਗਰਸ ਪਾਰਟੀ ਲੱਭਿਆ ਤੋੜ ਇਹਦਾ,
ਘੇਰਨ ਮੂਹਰਿਉਂ ਉਹ ਹਨ ਆਏ ਬੇਲੀ।
ਤੋੜਨ ਕਿੱਦਾਂ ਸਰਕਾਰ, ਕੀ ਪਾਪ ਕਰਦੇ,
ਉਨ੍ਹਾਂ ਦੇ ਪੇਪਰ ਆ ਕੱਢ ਵਿਛਾਏ ਬੇਲੀ।
ਹੋਣੀ ਚੋਣ ਜਿਹੀ ਐਤਕੀਂ ਕਿਸ ਤਰ੍ਹਾਂ ਦੀ,
ਕਰ'ਤੀ ਝਲਕ ਅਗੇਤੀ ਇਹਪੇਸ਼ ਬੇਲੀ।
ਰਿੜ੍ਹਦੀ ਗੱਡੀ ਨਿਵਾਣਾਂ ਤੱਕ ਜਾਊ ਕਿੱਥੇ,
ਟੁੱਕ-ਟੁੱਕ ਉਂਗਲਾਂ ਝਾਕੇਗਾ ਦੇਸ਼ ਬੇਲੀ।

**ਤੀਸ ਮਾਰ ਖਾਂ**

# ਆਈਐਮਐਫ ਦੀ ਮਾਲਦੀਵ ਨੂੰ ਚੇਤਾਵਨੀ, ਨਾ ਮੰਨੇ ਤਾਂ ਹੋ ਜਾਓਗੇ 'ਦੀਵਾਲੀਆ'

ਵਾਸ਼ਿੰਗਟਨ, 8 ਫਰਵਰੀ (ਪੋਸਟ ਬਿਊਰੋ): ਚੀਨ ਦੇ ਜ਼ੋਰ 'ਤੇ ਭਾਰਤ ਨਾਲ ਪੰਗਾ ਲੈਣ ਵਾਲਾ ਮਾਲਦੀਵ ਚੀਨ ਦੇ ਕਰਜ਼ੇ ਦੇ ਜਾਲ 'ਚ ਫਸਦਾ ਜਾ ਰਿਹਾ ਹੈ। ਹਾਲਾਤ ਇਹ ਹਨ ਕਿ ਮਾਲਦੀਵ ਦੇ ਰਾਸ਼ਟਰਪਤੀ ਮੁਹੰਮਦ ਮੋਇਜ਼ੂ ਨੇ ਖੁਦ ਸੰਸਦ ਵਿੱਚ ਕਿਹਾ ਹੈ ਕਿ ਉਹ ਨਵੇਂ ਵਿਕਾਸ ਕਾਰਜ ਨਹੀਂ ਕਰਵਾ ਸਕਦੇ ਕਿਉਂਕਿ ਦੇਸ਼ ਦੀ ਆਰਥਿਕ ਹਾਲਤ ਡਾਵਾਂਡੋਲ ਹੈ। ਇਸ ਦੌਰਾਨ ਕੌਮਾਂਤਰੀ ਮੁਦਰਾ ਫੰਡ ਨੇ ਕਰਜ਼ੇ ਦੇ ਬੋਝ ਹੇਠ ਦੱਬੇ ਮਾਲਦੀਵ ਨੂੰ ਚੀਨ ਤੋਂ ਅਰਬਾਂ ਦਾ ਕਰਜ਼ਾ ਲੈਣ ਬਾਰੇ ਕਰਜ਼ਾ ਸੰਕਟ ਬਾਰੇ ਚੇਤਾਵਨੀ ਦਿੱਤੀ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਚੀਨ ਅਤੇ ਮਾਲਦੀਵ ਦੀ ਵਧਦੀ ਨੇੜਤਾ ਦਰਮਿਆਨ ਅੰਤਰਰਾਸ਼ਟਰੀ ਮੁਦਰਾ ਫੰਡ (ਆਈਐੱਮਐੱਫ) ਨੇ



ਮੋਇਜ਼ੂ ਪ੍ਰਸ਼ਾਸਨ ਨੂੰ 'ਕਰਜ਼ ਸੰਕਟ' ਦੀ ਚੇਤਾਵਨੀ ਦਿੱਤੀ ਹੈ। ਚੀਨ ਤੋਂ ਅਰਬਾਂ ਡਾਲਰ ਦਾ ਕਰਜ਼ਾ ਲੈਣ ਵਾਲੇ ਮਾਲਦੀਵ ਨੂੰ ਸਾਵਧਾਨ ਕਰਦੇ ਹੋਏ ਆਈਐੱਮਐੱਫ ਨੇ ਕਿਹਾ ਹੈ ਕਿ ਮਾਲਦੀਵ ਨੂੰ ਤੁਰੰਤ ਆਪਣੀ ਨੀਤੀ ਬਦਲਣ ਦੀ ਲੋੜ ਹੈ। ਭਾਰਤ ਨਾਲ ਤਣਾਅਪੂਰਨ ਸਬੰਧਾਂ ਦਰਮਿਆਨ ਮਾਲਦੀਵ ਨੇ ਚੀਨ ਤੋਂ ਅਰਬਾਂ ਰੁਪਏ ਦਾ ਕਰਜ਼ਾ ਲਿਆ ਹੈ। ਅਜਿਹੇ 'ਚ ਹਿੰਦ ਮਹਾਸਾਗਰ 'ਚ ਰਣਨੀਤਕ ਮਹੱਤਵ ਰੱਖਣ ਵਾਲੇ ਇਸ ਦੇਸ਼ ਨੂੰ ਤੁਰੰਤ ਆਪਣੀਆਂ ਨੀਤੀਆਂ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ।

ਤੁਹਾਨੂੰ ਦੱਸ ਦੇਈਏ ਕਿ ਮਾਲਦੀਵ ਦੀ ਅਰਥਵਿਵਸਥਾ ਦਾ ਵੱਡਾ ਹਿੱਸਾ ਸੈਰ-ਸਪਾਟਾ ਉਦਯੋਗ 'ਤੇ ਆਧਾਰਿਤ ਹੈ। ਅਜਿਹੇ 'ਚ ਜਦੋਂ ਕੋਰੋਨਾ ਦਾ ਦੌਰ ਖਤਮ ਹੋਇਆ ਤਾਂ ਮਾਲਦੀਵ ਦਾ ਸੈਰ-ਸਪਾਟਾ ਉਦਯੋਗ ਮੁਸ਼ਕਲ ਨਾਲ ਪਟੜੀ 'ਤੇ ਵਾਪਸ ਆਇਆ ਪਰ ਭਾਰਤ ਨਾਲ ਪੰਗੇ ਤੋਂ ਬਾਅਦ ਭਾਰਤੀ ਸੈਲਾਨੀਆਂ ਨੇ ਮਾਲਦੀਵ ਦਾ ਬਾਈਕਾਟ ਕਰ ਦਿੱਤਾ। ਇਸ ਤੋਂ ਬਾਅਦ ਮਾਲਦੀਵ 'ਚ ਸੈਲਾਨੀਆਂ ਦੀ ਗਿਣਤੀ ਘੱਟ ਗਈ।

# ਮੁਲਾਜ਼ਮਾਂ ਦੀਆਂ ਛਾਂਗੀਆਂ ਦੇ ਨਾਲ ਨਾਲ 45 ਰੇਡੀਓ ਸਟੇਸ਼ਨ ਵੇਚੇਗਾ ਬੈੱਲ ਮੀਡੀਆ

ਪੰਨਾ 1 ਦਾ ਬਾਕੀ

CHOR, Summerland, B.C. (Vista Radio)
CJAT, Trail, B.C. (Vista Radio)
CKKC, Nelson, B.C. (Vista Radio)
CKGR, Golden, B.C. (Vista Radio)
CKXR, Salmon Arm, B.C. (Vista Radio)
CKCR, Revelstoke, B.C. (Vista Radio)
CJMG, Penticton, B.C. (Vista Radio)
CKOR, Penticton, B.C. (Vista Radio)
CJOR, Osoyoos, B.C. (Vista Radio)
CICF, Vernon, B.C. (Vista Radio)
CHSU, Kelowna, B.C. (Vista Radio)
CILK, Kelowna, B.C. (Vista Radio)
CKFR, Kelowna, B.C. (Vista Radio)
CKNL, Fort St. John, B.C. (Vista Radio)
CHRX, Fort St. John, B.C. (Vista Radio)
CJDC, Dawson Creek, B.C. (Vista Radio)
CKRX, Fort Nelson, B.C. (Vista Radio)
CFTK, Terrace, B.C. (Vista Radio)
CJFW, Terrace, B.C. (Vista Radio)
CHTK, Prince Rupert, B.C. (Vista Radio)
CKTK, Kitimat, B.C. (Vista Radio)
CKLH, Hamilton, Ont. (Whiteoaks)
CHRE, St. Catharines, Ont. (Whiteoaks)
CHTZ, St. Catharines, Ont. (Whiteoaks)
CKTB, St. Catharines, Ont. (Whiteoaks)
CKLY, Lindsay, Ont. (Durham Radio)
CKPT, Peterborough, Ont. (Durham Radio)
CKQM, Peterborough, Ont. (Durham Radio)
CFJR, Brockville, Ont. (My Broadcasting Corporation)
CJPT, Brockville, Ont. (My Broadcasting Corporation)
CFLY, Kingston, Ont. (My Broadcasting Corporation)
CKLC, Kingston, Ont. (My Broadcasting Corporation)
CJOS, Owen Sound, Ont. (ZoomerMedia)
CHRD, Drummondville, Que. (Arsenal Media)
CJDM, Drummondville, Que. (Arsenal Media)
CFEI, St-Hyacinthe, Que. (Arsenal Media)
CFZZ, St-Jean-Sur-Richelieu, Que. (Arsenal Media)
CIKI, Rimouski, Que. (Arsenal Media)
CJOI, Rimouski, Que. (Arsenal Media)
CFVM, Amqui, Que. (Arsenal Media)
CIKX, Grand Falls, N.B. (Maritime Broadcasting)
CJCJ, Woodstock, N.B. (Maritime Broadcasting)
CKBC, Bathurst, N.B. (Maritime Broadcasting)
CKTO, Truro, N.S. (Maritime Broadcasting)
CKTY, Truro, N.S. (Maritime Broadcasting)

# ਭਾਰਤੀ ਮੂਲ ਦੇ ਵਿਅਕਤੀ ਨੂੰ ਚਾਰ ਸਾਲ ਕੈਦ, ਕੰਪਨੀ ਦੇ ਡਾਇਰੈਕਟਰ ਵਜੋਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਰਹੇ ਸਨ ਅਸਫਲ

ਸਿੰਗਾਪੁਰ ਸਿਟੀ, 8 ਫਰਵਰੀ (ਪੋਸਟ ਬਿਊਰੋ): ਸਿੰਗਾਪੁਰ ਵਿੱਚ ਭਾਰਤੀ ਮੂਲ ਦੇ ਇੱਕ 60 ਸਾਲਾ ਸਿੰਗਾਪੁਰੀ ਵਿਅਕਤੀ ਨੂੰ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਲਜ਼ਾਮ ਹੈ ਕਿ ਉਹ ਇੱਕ ਕੰਪਨੀ ਦੇ ਡਾਇਰੈਕਟਰ ਵਜੋਂ ਆਪਣੀ ਡਿਊਟੀ ਨਿਭਾਉਣ ਵਿੱਚ ਨਾਕਾਮ ਰਿਹਾ ਸੀ। ਉਸ 'ਤੇ ਦਸੰਬਰ 2014 ਤੋਂ ਸਤੰਬਰ 2015 ਦਰਮਿਆਨ ਜਰਮਨੀ ਦੇ ਵਾਇਰਕਾਰਡ ਏਜੀ ਤੋਂ 54 ਮਿਲੀਅਨ ਯੂਰੋ ਤੋਂ ਵੱਧ ਪ੍ਰਾਪਤ ਕਰਨ ਦਾ ਵੀ ਦੋਸ਼ ਹੈ। ਵਿਅਕਤੀ ਦਾ ਨਾਂ ਤਿਲਾਗਰਤਨਮ ਰਾਜਰਤਨਮ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਉਹ ਬਿਨਾਂ ਕਿਸੇ ਲੈਣ-ਦੇਣ ਦੇ 500 ਸਿੰਗਾਪੁਰੀ ਡਾਲਰ ਪ੍ਰਤੀ ਮਹੀਨਾ



ਰਣਨੀਤਕ ਕਾਰਪੋਰੇਟ ਇਨਵੈਸਟਮੈਂਟ ਨਾਮਕ ਫਰਮ ਦਾ ਡਾਇਰੈਕਟਰ ਬਣਨ ਲਈ ਸਹਿਮਤ ਹੋ ਗਿਆ ਸੀ।

ਦਰਅਸਲ, ਵਾਇਰਕਾਰਡ ਏਜੀ, ਇੱਕ ਭੁਗਤਾਨ ਪ੍ਰੋਸੈਸਿੰਗ ਕੰਪਨੀ ਹੈ, ਜਿਸ ਦੇ ਖਾਤਿਆਂ ਵਿੱਚੋਂ 1.9 ਬਿਲੀਅਨ ਯੂਰੋ ਦੀ ਨਕਦੀ ਗਾਇਬ ਹੋ ਗਈ ਸੀ। ਇਸ ਤੋਂ ਬਾਅਦ ਕੰਪਨੀ ਨੇ ਖੁਦ ਨੂੰ ਦੀਵਾਲੀਆ ਐਲਾਨ ਦਿੱਤਾ ਸੀ। ਇਸ ਦੇ ਨਾਲ ਹੀ ਕੰਪਨੀ ਦੇ ਸਾਬਕਾ ਮੁੱਖ ਕਾਰਜਕਾਰੀ ਮਾਰਕਸ ਬ੍ਰਾਊਨ ਅਤੇ ਕਈ ਹੋਰ ਉੱਚ ਅਧਿਕਾਰੀਆਂ ਨੂੰ ਧੋਖਾਧੜੀ ਦੇ ਦੋਸ਼ਾਂ 'ਚ ਗ੍ਰਿਫਤਾਰ ਕੀਤਾ ਗਿਆ ਸੀ।

ਯੋਜਨਾਕਾਰ ਹੋਣ ਦੇ ਬਾਵਜੂਦ, ਤਿਲਾਗਰਤਨਮ ਨੂੰ ਨਹੀਂ ਪਤਾ ਸੀ ਕਿ ਕੰਪਨੀ ਨੂੰ ਵਾਇਰਕਾਰਡ ਤੋਂ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪੈਸੇ ਮਿਲੇ ਹਨ। ਇਸ ਤੋਂ ਬਾਅਦ ਇਹ ਵੱਖ-ਵੱਖ ਪਾਰਟੀਆਂ ਨੂੰ ਵੀ ਟਰਾਂਸਫਰ ਕਰ ਦਿੱਤਾ ਗਿਆ। ਇਸ ਵਿਚ ਤਿਲਾ-ਗਰਤਨਮ ਦਾ ਛੋਟਾ ਭਰਾ ਵੀ ਸ਼ਾਮਲ ਹੈ, ਜਿਸ ਦਾ ਨਾਮ ਸ਼ਨਮੁਗਰਤਨਮ ਹੈ। ਉਹ ਸੀਟਾਡੇਲ ਕਾਰਪੋਰੇਟ ਸਰਵਿਸਿਜ਼ ਦੇ ਡਾਇਰੈਕਟਰ ਸਨ।


# ਦਿੱਲੀ ਦੇ ਗੋਕੁਲਪੁਰੀ ਮੈਟਰੋ ਸਟੇਸ਼ਨ ਦਾ ਇੱਕ ਹਿੱਸਾ ਡਿੱਗਿਆ, ਇੱਕ ਦੀ ਮੌਤ

ਨਵੀਂ ਦਿੱਲੀ, 8 ਫਰਵਰੀ (ਪੋਸਟ ਬਿਊਰੋ): ਦਿੱਲੀ ਦੇ ਗੋਕੁਲਪੁਰੀ ਮੈਟਰੋ ਸਟੇਸ਼ਨ ਦਾ ਇੱਕ ਹਿੱਸਾ ਢਹਿ ਗਿਆ ਹੈ। ਮੈਟਰੋ ਸਟੇਸ਼ਨ ਤੋਂ ਕੁਝ ਮਲਬਾ ਡਿੱਗਣ ਕਾਰਨ ਇੱਕ ਵਿਅਕਤੀ ਦੱਬਿਆ ਗਿਆ, ਉਸ ਨੂੰ ਮਲਬੇ ਵਿੱਚੋਂ ਬਾਹਰ ਕੱਢ ਲਿਆ ਗਿਆ ਹੈ। ਮਲਬੇ ਹੇਠ ਕੁਝ ਮੋਟਰਸਾਇਕਲ ਵੀ ਦੱਬੇ ਗਏ, ਜਿਨ੍ਹਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ। ਇਸ ਘਟਨਾ ਨਾਲ ਪੂਰੇ ਇਲਾਕੇ 'ਚ ਸਨਸਨੀ ਫੈਲ ਗਈ ਹੈ। ਬਚਾਅ ਟੀਮ ਅਤੇ ਫਾਇਰ ਵਿਭਾਗ ਦੀ ਟੀਮ ਮੌਕੇ 'ਤੇ ਪਹੁੰਚ ਗਈ ਹੈ।

ਜਾਣਕਾਰੀ ਅਨੁਸਾਰ ਚੱਲਦੀ ਮੈਟਰੋ ਲਾਈਨ ਦੀ ਸਾਈਡ ਸਲੈਬ ਦਾ ਇੱਕ ਹਿੱਸਾ ਡਿੱਗ ਗਿਆ, ਇਸ ਘਟਨਾ ਵਿੱਚ ਹੁਣ ਤੱਕ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ ਜਦੋਂ ਕਿ 4 ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਅਜੇ ਤੱਕ ਮ੍ਰਿਤਕ ਦੀ ਪਛਾਣ ਨਹੀਂ ਹੋ ਸਕੀ ਹੈ। ਡੀਐੱਫਐੱਸ ਮੁਲਾਜ਼ਮਾਂ ਨੇ ਮਲਬੇ ਹੇਠ ਦੱਬੇ ਦੋ ਵਿਅਕਤੀਆਂ ਨੂੰ ਬਚਾਇਆ ਅਤੇ ਜੀਟੀਬੀ ਹਸਪਤਾਲ ਪਹੁੰਚਾਇਆ। ਦੂਜੇ ਦੋ ਵਿਅਕਤੀਆਂ ਨੂੰ ਡੀਐੱਫਐੱਸ ਯੂਨਿਟ ਦੇ ਆਉਣ ਤੋਂ ਪਹਿਲਾਂ ਹਟਾ ਦਿੱਤਾ ਗਿਆ ਸੀ। ਇਸ ਘਟਨਾ ਵਿੱਚ ਕੁਝ ਬਾਈਕ ਵੀ ਨੁਕਸਾਨੀਆਂ ਗਈਆਂ। ਗੋਕੁਲਪੁਰੀ ਡੀਐੱਫਐੱਸ ਦੀ ਇਕ ਯੂਨਿਟ ਨੂੰ ਸਟੈਂਡਬਾਏ 'ਤੇ ਰੱਖਿਆ ਗਿਆ ਹੈ ਕਿਉਂਕਿ ਸਲੈਬ ਦਾ ਇਕ ਹਿੱਸਾ ਅਜੇ ਵੀ ਉਥੇ ਲਟਕਿਆ ਹੋਇਆ ਹੈ।

# ਮੁਲਾਜ਼ਮ ਜੱਥੇਬੰਦੀਆਂ ਵਲੋਂ ਕੇਂਦਰ ਨੂੰ 6 ਹਫ਼ਤਿਆਂ ਦਾ ਅਲਟੀਮੇਟਮ: ਪੁਰਾਣੀ ਪੈਨਸ਼ਨ ਨਾ ਮਿਲੀ ਤਾਂ ਹੋਵੇਗੀ ਹੜਤਾਲ

ਨਵੀਂ ਦਿੱਲੀ, 8 ਫਰਵਰੀ (ਪੋਸਟ ਬਿਊਰੋ): ਦੇਸ਼ ਵਿੱਚ 'ਪੁਰਾਣੀ ਪੈਨਸ਼ਨ' ਦੀ ਬਹਾਲੀ ਲਈ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਮੁਲਾਜ਼ਮ ਜਥੇਬੰਦੀਆਂ ਨੇ ਕੇਂਦਰ ਸਰਕਾਰ ਨੂੰ ਓਪੀਐਸ ਲਾਗੂ ਕਰਨ ਲਈ ਛੇ ਹਫ਼ਤਿਆਂ ਦਾ ਅਲਟੀਮੇਟਮ ਦਿੱਤਾ ਹੈ। ਜੇਕਰ ਇਸ ਮਿਆਦ ਦੇ ਅੰਦਰ ਪੁਰਾਣੀ ਪੈਨਸ਼ਨ ਬਹਾਲ ਨਾ ਕੀਤੀ ਗਈ ਤਾਂ ਦੇਸ਼ ਭਰ ਵਿੱਚ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿੱਤੀ ਜਾਵੇਗੀ। ਇਸ ਸਥਿਤੀ ਵਿੱਚ, ਰੇਲਵੇ ਸੰਚਾਲਨ ਅਤੇ ਰੱਖਿਆ ਖੇਤਰ ਦੇ ਉਦਯੋਗਾਂ ਸਮੇਤ ਸਾਰੇ ਸਰਕਾਰੀ ਵਿਭਾਗਾਂ ਵਿੱਚ ਕੰਮ ਰੁਕ ਜਾਵੇਗਾ। ਇਹ ਅਹਿਮ ਫੈਸਲਾ ਬੁੱਧਵਾਰ ਨੂੰ ਨਵੀਂ ਦਿੱਲੀ 'ਚ ਹੋਈ ਨੈਸ਼ਨਲ ਜੁਆਇੰਟ ਕੌਂਸਲ ਆਫ ਐਕਸ਼ਨ (ਐੱਨਜੇਸੀਏ) ਦੇ ਅਧਿਕਾਰੀਆਂ ਦੀ ਬੈਠਕ 'ਚ ਲਿਆ




ਗਿਆ ਹੈ। ਮੀਟਿੰਗ ਦੀ ਪ੍ਰਧਾਨਗੀ ਐੱਨਜੇਸੀਏ ਦੇ ਕਨਵੀਨਰ ਸ਼ਿਵਗੋਪਾਲ ਮਿਸ਼ਰਾ ਨੇ ਕੀਤੀ। ਕੇਂਦਰ ਸਰਕਾਰ ਨੂੰ ਅਣਮਿੱਥੇ ਸਮੇਂ ਦੀ ਹੜਤਾਲ ਦਾ ਨੋਟਿਸ ਦੇਣ ਅਤੇ ਹੜਤਾਲ ਦੀ ਤਰੀਕ ਦਾ ਐਲਾਨ ਕਰਨ ਲਈ ਦੋ ਦਿਨਾਂ ਅੰਦਰ ਇੱਕ ਕਮੇਟੀ ਬਣਾਈ ਜਾਵੇਗੀ।

ਦੱਸਣਯੋਗ ਹੈ ਕਿ ਕੇਂਦਰ ਅਤੇ ਵੱਖ-ਵੱਖ ਰਾਜ ਸਰਕਾਰਾਂ ਦੇ ਕਰਮਚਾਰੀ ਪੁਰਾਣੀ ਪੈਨਸ਼ਨ ਬਹਾਲੀ ਲਈ ਪਿਛਲੇ ਸਾਲ ਤੋਂ ਅੰਦੋਲਨ ਕਰ ਰਹੇ ਹਨ। ਮੁਲਾਜ਼ਮ ਜਥੇਬੰਦੀਆਂ ਨੇ ਵੱਖ-ਵੱਖ ਤਰੀਕਿਆਂ ਨਾਲ ਸਰਕਾਰ ਤੱਕ ਆਪਣੀ ਗੱਲ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਉਨ੍ਹਾਂ ਦੀਆਂ ਮੰਗਾਂ ਅਜੇ ਤੱਕ ਨਹੀਂ ਮੰਨੀਆਂ ਗਈਆਂ ਹਨ। ਏਆਈਡੀਈਐਫ ਦੇ ਜਨਰਲ ਸਕੱਤਰ ਸ੍ਰੀਕੁਮਾਰ ਮੁਤਾ-ਬਕ ਜੇਕਰ ਲੋਕ ਸਭਾ ਚੋਣਾਂ ਤੋਂ ਪਹਿਲਾਂ 'ਪੁਰਾਣੀ ਪੈਨਸ਼ਨ' ਲਾਗੂ ਨਾ ਕੀਤੀ ਗਈ ਤਾਂ ਭਾਜਪਾ ਨੂੰ ਇਸ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ। ਦੇਸ਼ ਦੀਆਂ ਦੋ ਵੱਡੀਆਂ ਮੁਲਾਜ਼ਮ ਜਥੇਬੰਦੀਆਂ ਰੇਲਵੇ ਅਤੇ ਰੱਖਿਆ (ਸਿਵਲ) ਨੇ ਅਣਮਿੱਥੇ ਸਮੇਂ ਲਈ ਹੜਤਾਲ ਲਈ ਆਪਣੀ ਸਹਿਮਤੀ ਦੇ ਦਿੱਤੀ ਹੈ।


SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9




ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com





ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com





# ਦਿੱਲੀ 'ਚ ਇਕ ਵਿਅਕਤੀ ਵਲੋਂ ਲੜਕੀ ਨਾਲ 7 ਦਿਨਾਂ ਤੱਕ ਰੇਪ, ਕੀਤਾ ਤਸ਼ੱਦਦ, ਗਰਮ ਦਾਲ ਵੀ ਉਤੇ ਪਾਈ



ਨਵੀਂ ਦਿੱਲੀ, 8 ਫਰਵਰੀ (ਪੋਸਟ ਬਿਊਰੋ): ਦਿੱਲੀ 'ਚ ਇਕ ਵਿਅਕਤੀ ਨੇ ਇਕ ਲੜਕੀ ਨਾਲ 7 ਦਿਨਾਂ ਤੱਕ ਕਥਿਤ ਤੌਰ 'ਤੇ ਬਲਾਤਕਾਰ ਕੀਤਾ। ਮੰਗਲਵਾਰ ਨੂੰ ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਉਕਤ ਵਿਅਕਤੀ ਲੜਕੀ ਦਾ ਦੋਸਤ ਸੀ। ਲੜਕੀ 'ਤੇ ਲਗਾਤਾਰ ਤਸ਼ੱਦਦ ਕੀਤਾ ਗਿਆ ਅਤੇ ਉਸ ਦੇ ਸਰੀਰ 'ਤੇ ਗਰਮ ਦਾਲ ਵੀ ਸੁੱਟੀ ਗਈ। ਪੁਲਸ ਨੇ ਮੁਲਜ਼ਮ ਨੂੰ 2 ਫਰਵਰੀ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਜਾਣਕਾਰੀ ਮੁਤਾਬਕ ਵਿਅਕਤੀ ਦੀ ਪਛਾਣ 28 ਸਾਲਾ ਪਾਰਸ ਵਜੋਂ ਹੋਈ ਹੈ।

ਪੁਲਸ ਨੇ ਦੱਸਿਆ ਕਿ ਲੜਕੀ ਦੱਖਣੀ ਦਿੱਲੀ ਦੇ ਨੇਬ ਸਰਾਏ 'ਚ ਕਰੀਬ ਇਕ ਮਹੀਨੇ ਤੋਂ ਵਿਅਕਤੀ ਨਾਲ ਰਹਿ ਰਹੀ ਸੀ। ਇਹ ਮਾਮਲਾ 30 ਜਨਵਰੀ ਨੂੰ ਉਸ ਸਮੇਂ ਸਾਹਮਣੇ ਆਇਆ ਜਦੋਂ ਪੁਲਿਸ ਨੂੰ ਪੀਸੀਆਰ ਕਾਲ ਰਾਹੀਂ ਸੂਚਨਾ ਮਿਲੀ ਕਿ ਇੱਕ ਪਤੀ ਆਪਣੀ ਪਤਨੀ ਦੀ ਕੁੱਟਮਾਰ ਕਰ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਲੜਕੀ ਨੂੰ ਏਮਜ਼ ਵਿੱਚ ਭਰਤੀ ਕਰਵਾਇਆ ਗਿਆ ਹੈ। ਔਰਤ ਦੇ ਸਰੀਰ 'ਤੇ 20 ਥਾਵਾਂ 'ਤੇ ਸੱਟਾਂ ਦੇ ਨਿਸ਼ਾਨ ਮਿਲੇ ਹਨ। ਔਰਤ ਨੂੰ ਏਮਜ਼ ਤੋਂ ਛੁੱਟੀ ਮਿਲ ਗਈ ਹੈ।

ਮੁਲਜ਼ਮ ਦਾ ਨਾਂ ਪਾਰਸ ਹੈ। ਪੀੜਤਾ ਪੱਛਮੀ ਬੰਗਾਲ ਦੀ ਰਹਿਣ ਵਾਲੀ ਹੈ। ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਪਾਰਸ ਨੇ ਮਹਿਲਾ ਨੂੰ ਦਿੱਲੀ ਬੁਲਾਇਆ ਸੀ। ਉਸ ਨੇ ਲੜਕੀ ਨੂੰ ਨੌਕਰੀ ਦੇ ਬਹਾਨੇ ਕਮਰੇ 'ਚ ਬੰਦ ਰੱਖਿਆ ਅਤੇ ਉਸ ਦਾ ਸ਼ੋਸ਼ਣ ਕੀਤਾ।

ਇਸ ਦੌਰਾਨ ਮੁਲਜ਼ਮ ਨੇ ਪੀੜਤਾ ਨਾਲ ਸਰੀਰਕ ਸਬੰਧ ਵੀ ਬਣਾਏ। ਜਦੋਂ ਲੜਕੀ ਨੇ ਪਾਰਸ ਨੂੰ 30 ਜਨਵਰੀ ਨਾਲ ਵਿਆਹ ਕਰਵਾਉਣ ਦੀ ਗੱਲ ਕੀਤੀ ਤਾਂ ਉਸ ਨੇ ਗੁੱਸੇ 'ਚ ਆ ਕੇ ਪੀੜਤਾ 'ਤੇ ਰਾਡ ਨਾਲ ਹਮਲਾ ਕਰ ਦਿੱਤਾ ਅਤੇ ਉਸ 'ਤੇ ਗਰਮ ਦਾਲ ਪਾ ਦਿੱਤੀ, ਜਿਸ ਨਾਲ ਉਸ ਦਾ ਖੂਨ ਵਹਿਣ ਲੱਗਾ। ਮੁਲਜ਼ਮ 'ਤੇ ਦੋਸ਼ ਲਾਉਂਦਿਆਂ ਪੀੜਤਾ ਨੇ ਦੱਸਿਆ ਕਿ ਮੁਲਜ਼ਮ ਨੇ ਉਸ ਨੂੰ ਰਾਡ ਨਾਲ ਕੁੱਟਣ ਤੋਂ ਬਾਅਦ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ। ਬਾਅਦ ਵਿੱਚ ਪੁਲਿਸ ਨੇ ਲੜਕੀ ਨੂੰ ਛੁਡਵਾਇਆ।

# ਕੈਲੀਫੋਰਨੀਆ ਵਿਚ ਭਾਰੀ ਤੂਫਾਨ, ਮੀਂਹ ਤੇ ਹੜ ਵਰਗੇ ਹਾਲਾਤ ਦੇ ਮੱਦੇਨਜ਼ਰ ਹੰਗਾਮੀ ਹਾਲਤ ਦਾ ਕੀਤਾ ਐਲਾਨ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਵਿਚ ਸ਼ਕਤੀਸ਼ਾਲੀ ਤੂਫਾਨ ਤੇ ਮੀਂਹ ਕਾਰਨ ਆਮ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਕਰੀਬਨ 4 ਲੱਖ ਤੋਂ ਵਧ ਘਰਾਂ ਤੇ ਕਾਰੋਬਾਰੀ ਅਦਾਰਿਆਂ ਵਿੱਚ ਬਿਜਲੀ ਸਪਲਾਈ ਠੱਪ ਹੋ ਗਈ ਹੈ ਜਿਸ ਨੂੰ ਬਹਾਲ ਕਰਨ ਲਈ ਖਰਾਬ ਮੌਸਮ ਕਾਰਨ ਕਾਮਿਆਂ ਨੂੰ ਭਾਰੀ ਮੁਸ਼ੱਕਤ ਕਰਨੀ ਪੈ ਰਹੀ ਹੈ। ਤੂਫਾਨ ਕਾਰਨ ਹੌਲੀਵੁੱਡ ਹਿਲਜ ਤੇ ਬੈਵਰਲੀ ਹਿਲਜ ਸਮੇਤ ਲਾਸ ਏਂਜਲਸ ਖੇਤਰ ਵਿਚ 14 ਲੱਖ ਲੋਕਾਂ ਨੂੰ ਫਲੈਸ਼ ਫਲੱਡ ਦੀ ਚਿਤਾਵਨੀ ਦਿੱਤੀ ਗਈ ਹੈ। ਮੇਅਰ ਕਾਰੇਨ ਬਾਸ ਨੇ ਲਾਸ ਏਂਜਲਸ ਲਈ ਸਥਾਨਕ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਹੈ। ਮੌਸਮ ਸੇਵਾ ਅਨੁਸਾਰ ਕੁਝ ਖੇਤਰਾਂ ਵਿਚ 5 ਤੋਂ 8 ਇੰਚ ਹੋਰ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਗਈ ਹੈ। ਇਸ ਤਰਾਂ ਕੁਲ ਮਿਲਾ ਕੇ 48 ਘੰਟਿਆਂ ਦੌਰਾਨ 14 ਇੰਚ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਖਰਾਬ ਮੌਸਮ ਕਾਰਨ ਬਣੇ ਹਾਲਾਤ ਦੇ ਮੱਦੇਨਜਰ ਦੱਖਣੀ ਕੈਲੀਫੋਰਨੀਆ ਦੀਆਂ 8 ਕਾਊਂਟੀਆਂ ਵਿਚ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਜਾ ਚੁੱਕਾ ਹੈ। ਨਿਊ ਜਰਸੀ ਸਮੇਤ ਕਈ ਖੇਤਰਾਂ ਵਿਚ ਹੜ ਵਰਗੇ ਹਾਲਾਤ ਬਣ ਗਏ ਹਨ। ਕਈ ਕਈ ਫੁੱਟ ਪਾਣੀ ਸੜਕਾਂ ਉਪਰ ਫਿਰ ਰਿਹਾ ਹੈ।

# ਨਿਊ ਜਰਸੀ ਵਿਚ ਪ੍ਰਾਇਮਰੀ ਚੋਣ ਮੁਹਿੰਮ ਦੌਰਾਨ ਸਿੱਖ ਆਗੂ ਨੇ ਚੌਥੀ ਤਿਮਾਹ ਦੌਰਾਨ 9 ਲੱਖ ਡਾਲਰ ਤੋਂ ਵਧ ਫੰਡ ਜੁਟਾਇਆ



ਸੈਕਰਾਮੈਂਟੋ,ਕੈਲਫੋਰਨੀਆ (ਹੁਸਨ ਲੜੋਆ ਬੰਗਾ)-ਨਿਊਜਰਸੀ ਦੀ 8 ਵੀਂ ਕਾਂਗਰਸ ਡਿਸਟ੍ਰਿਕਟ ਸੀਟ ਤੋਂ ਡੈਮੋਕਰੈਟਿਕ ਉਮੀਦਵਾਰ ਵਜੋਂ ਪ੍ਰਾਇਮਰੀ ਚੋਣ ਲੜੇ ਰਹੇ ਸਿੱਖ ਆਗੂ ਰਵਿੰਦਰ ਸਿੰਘ ਭੱਲਾ (ਰਵੀ ਭੱਲਾ) ਨੇ ਐਲਾਨ ਕੀਤਾ ਹੈ ਕਿ ਚੌਥੀ ਤਿਮਾਹੀ ਦੌਰਾਨ ਉਸ ਨੇ ਨਿੱਜੀ ਦਾਨੀਆਂ ਤੋਂ 9,74,000 ਡਾਲਰ ਫੰਡ ਜੁਟਾਇਆ ਹੈ ਤੇ ਚੌਥੀ ਤਿਮਾਹੀ ਦੇ ਅੰਤ ਵਿੱਚ ਉਸ ਕੋਲ ਕੁਲ ਨਕਦੀ 9,14,000 ਡਾਲਰ ਦੀ ਹੈ। ਪ੍ਰਾਇਮਰੀ ਚੋਣ ਵਿਚ ਉਹ ਨਿਊ ਜਰਸੀ ਦੇ ਮੌਜੂਦਾ ਪ੍ਰਤੀਨਿੱਧ ਰਾਬ ਮੈਨਨਡੇਜ਼ ਜੂਨੀਅਰ ਵਿਰੁੱਧ ਚੋਣ ਮੈਦਾਨ ਵਿਚ ਹਨ। ਹੋਬੋਕਨ, ਨਿਊਜਰਸੀ ਦੇ ਮੇਅਰ ਰਵੀ ਭੱਲਾ ਜਾਣੇ ਪਛਾਣੇ ਰਾਜਸੀ ਆਗੂ ਹਨ ਤੇ ਉਹ ਮਨੁੱਖੀ ਹੱਕਾਂ ਦੇ ਅਲੰਬਰਦਾਰ ਹਨ। ਹੁਣ ਤੱਕ ਉਹ 11 ਲੱਖ ਡਾਲਰ ਫੰਡ ਜੁਟਾ ਚੁੱਕੇ ਹਨ। ਉਨਾਂ ਨੇ ਕਿਹਾ ਹੈ ਕਿ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਮੈਨੂੰ ਆਮ ਲੋਕਾਂ ਨੇ ਫੰਡ ਦਿੱਤਾ ਹੈ ਜਦ ਕਿ ਮੇਰੇ ਵਿਰੋਧੀ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ। ਉਨਾਂ ਕਿਹਾ ਕਿ ਉਹ ਸਾਰਿਆਂ ਲਈ ਉੱਚ ਪੱਧਰੀ ਸਿਹਤ ਸੇਵਾਵਾਂ ਲਈ ਯਤਨ ਕਰਨਗੇ , ਵਾਤਾਵਰਣ ਤਬਦੀਲੀ ਵਿਰੁੱਧ ਜਦੋ-ਜਹਿਦ ਕਰਨਗੇ ਤੇ ਹਮੇਸ਼ਾਂ ਆਮ ਲੋਕਾਂ ਦੇ ਨਾਲ ਖੜੇ ਰਹਿਣਗੇ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

Tech Spirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
1080p HD ਦੇ 4 ਸਿਕਿਉਰਟੀ ਕੈਮਰੇ ਸਿਰਫ $999 ਵਿੱਚ ਲਗਵਾਓ
Call: 905-621-4100
7-8770 The Gore Road, Brampton, ON L6P 0B1

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਸੈਲ ਐਂਡ ਫਿਕਸ
ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

# ਗੀਤਕਾਰਾਂ ਤੇ ਗਾਇਕਾਂ ਦੇ ਖ਼ਜਾਨੇ ਦਾ ਬਾਦਸ਼ਾਹ : ਅਸ਼ੋਕ ਬਾਂਸਲ ਮਾਨਸਾ

-ਉਜਾਗਰ ਸਿੰਘ-

ਪੁਰਤਾਨ ਸਮੇਂ ਮਾਨਸਾ ਨੂੰ ਪੰਜਾਬ ਦਾ ਸਭ ਤੋਂ ਵਧੇਰੇ ਪਛੜਿਆ ਹੋਇਆ ਇਲਾਕਾ ਕਿਹਾ ਜਾਂਦਾ ਸੀ ਪ੍ਰੰਤੂ ਵਰਤਮਾਨ ਸਮੇਂ ਇਸ ਇਲਾਕੇ ਨੂੰ ਪੱਤਰਕਾਰਾਂ, ਸਮਾਜ ਸੇਵਕਾਂ, ਸਾਹਿਤਕਾਰਾਂ, ਕਲਾਕਾਰਾਂ, ਗੀਤ ਸੰਗੀਤ ਦੇ ਪ੍ਰੇਮੀਆਂ ਅਤੇ ਗਾਇਕਾਂ ਦੀ ਨਰਸਰੀ ਵੀ ਕਿਹਾ ਜਾ ਸਕਦਾ ਹੈ। ਪੰਜਾਬ ਦੇ ਗੀਤ ਸੰਗੀਤ ਅਤੇ ਗਾਇਕੀ ਦੇ ਅਮੀਰ ਸਭਿਆਚਾਰ ਦੀ ਸਾਂਭ ਸੰਭਾਲ ਕਰਨ ਵਾਲਾ ਅਸ਼ੋਕ ਬਾਂਸਲ ਵੀ ਮਾਨਸਾ ਨਾਲ ਸੰਬੰਧਤ ਹੈ। ਸਰਸਰੀ ਨਿਗਾਹ ਮਾਰਿਆਂ ਉਹ ਇਕ ਪਹਿਲਵਾਨ ਲੱਗਦਾ ਹੈ ਪ੍ਰੰਤੂ ਅਸਲ ਵਿੱਚ ਅਸ਼ੋਕ ਬਾਂਸਲ ਮਾਨਸਾ, ਕਲਾਤਮਿਕ ਕਲਾਵਾਂ ਦਾ ਮੁੱਦਈ ਤੇ ਸਿਦਕ ਦਿਲੀ ਵਾਲਾ ਪ੍ਰਤਿਭਾਵਾਨ ਸੰਗੀਤ ਪ੍ਰੇਮੀ ਹੈ। ਜਿਸ ਦੇ ਰਗ-ਰਗ ਵਿੱਚ ਸੰਗੀਤ ਸਮੋਇਆ ਹੋਇਆ ਹੈ। ਜਿਵੇਂ ਤੂੰਬੀ ਦੀ ਤਾਰ ਨੂੰ ਟੁਣਕਾਇਆਂ ਲੈ ਮਈ ਸੰਗੀਤ ਨਿਕਲਦਾ ਹੈ, ਉਸੇ ਤਰ੍ਹਾਂ ਅਸ਼ੋਕ ਬਾਂਸਲ ਮਾਨਸਾ ਨਾਲ ਵਿਚਾਰ ਵਟਾਂਦਰਾ ਕਰਨ ਸਮੇਂ ਉਸ ਦੀ ਆਵਾਜ਼ ਸੰਗੀਤ ਦੀ ਮਹਿਕ ਦਿੰਦੀ ਹੈ। ਗੀਤਕਾਰਾਂ ਤੇ ਗਾਇਕਾਂ ਦੀਆਂ ਰਚਨਾਵਾਂ ਦੇ ਸਮੇਂ, ਸਥਾਨ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਅਸ਼ੋਕ ਬਾਂਸਲ ਮਾਨਸਾ ਦੇ ਦਿਮਾਗੀ ਕੰਪਿਊਟਰ ਵਿੱਚ ਭਰੀਆਂ ਪਈਆਂ ਹਨ, ਜਿਨ੍ਹਾਂ ਨੂੰ ਕਮਾਂਡ ਦੇਣ ਦੀ ਲੋੜ ਹੈ ਤੇ ਆਪ ਮੁਹਾਰੇ ਜਾਣਕਾਰੀ ਸੰਗੀਤਕ ਧੁਨਾਂ ਵਿੱਚ ਮੁਹੱਈਆ ਹੋਣ ਲੱਗ ਜਾਂਦੀ ਹੈ। ਅਸ਼ੋਕ ਬਾਂਸਲ ਮਾਨਸਾ ਗੀਤਕਾਰਾਂ ਅਤੇ ਗਾਇਕਾਂ ਦੀ ਲਾਇਬਰੇਰੀ ਹੈ। ਵੇਖਣ ਵਾਲਿਆਂ ਨੂੰ ਉਹ ਸਾਧਾਰਨ ਮਲਵਈ ਭਾਸਦਾ ਹੈ ਪ੍ਰੰਤੂ ਉਸਦੀ ਗੀਤ ਸੰਗੀਤ ਬਾਰੇ ਜਾਣਕਾਰੀ ਉਸ ਦੀ ਸੰਗੀਤਕ ਵਿਦਵਤਾ ਦਾ ਪ੍ਰਤੀਕ ਹੈ। ਪੁਰਾਤਨ ਜ਼ਮਾਨੇ ਤੋਂ ਲੈ ਕੇ ਵਰਤਮਾਨ ਗੀਤਕਾਰਾਂ ਅਤੇ ਗਾਇਕਾਂ ਬਾਰੇ ਉਹ ਕਿਹੜਾ ਤਵਾ ਹੈ, ਜਿਹੜਾ ਅਸ਼ੋਕ ਬਾਂਸਲ ਮਾਨਸਾ ਦੀ ਲਾਇਬਰੇਰੀ ਦੀ ਸ਼ੋਭਾ ਨਹੀਂ ਵਧਾਉਂਦਾ। ਹਰ ਗੀਤਕਾਰ ਦੇ ਗੀਤਾਂ ਅਤੇ ਗਾਇਕਾਂ ਬਾਰੇ ਉਸ ਕੋਲ ਜਾਣਕਾਰੀ ਹੈ, ਜਿਹੜੀ ਜਾਣਕਾਰੀ ਹੋਰ ਕਿਸੇ ਕੋਲੋਂ ਵੀ ਨਹੀਂ ਮਿਲਦੀ , ਉਹ ਜਾਣਕਾਰੀ ਅਸ਼ੋਕ ਬਾਂਸਲ ਮਾਨਸਾ ਦੇ ਖ਼ਜਾਨੇ ਵਿੱਚੋਂ ਉਪਲਬਧ ਹੋ ਸਕਦੀ ਹੈ। ਉਸ ਦਾ ਕੰਮ ਕਿਸੇ ਵੀ ਸਭਿਆਚਾਰਕ ਸੰਸਥਾ ਨਾਲੋਂ ਵਧੇਰੇ ਹੈ। ਉਸ ਦੇ ਰੈਣ ਬਸੇਰੇ ਨੂੰ ਗੀਤਕਾਰਾਂ ਅਤੇ ਗਾਇਕਾਂ ਦਾ ਅਜਾਇਬ ਘਰ ਕਿਹਾ ਜਾ ਸਕਦਾ ਹੈ। ਉਹ ਕਲਮ ਕੱਲਾ ਇਕ ਸੰਸਥਾ ਹੈ। ਜਿਹੜੇ ਗੀਤਾਂ ਤੇ ਗੀਤਕਾਰਾਂ ਨੂੰ ਸਾਡੀ ਨੌਜਵਾਨੀ ਢੋਲ ਢਮੱਕੇ ਵਾਲੇ ਪੌਪ ਸਭਿਆਚਾਰ ਵਿੱਚ ਗਲਤਾਨ ਹੋਣ ਕਰਕੇ ਭੁੱਲੀ ਬੈਠੀ ਹੈ, ਅਸ਼ੋਕ ਬਾਂਸਲ ਮਾਨਸਾ ਉਨ੍ਹਾਂ ਦੀ ਪੈੜ ਨੱਪਕੇ ਲੱਭਦਾ ਹੈ ਤੇ ਫਿਰ ਨੌਜਵਾਨਾ ਤੱਕ ਪਹੁੰਚਾਉਣ ਲਈ ਉਪਰਾਲੇ ਹੀ ਨਹੀਂ ਕਰ ਰਿਹਾ ਸਗੋਂ ਉਹ ਆਪਣਾ ਫਰਜ਼ ਸਮਝਦਾ ਹੈ। ਉਹ ਮਹਿਸੂਸ ਕਰਦਾ ਹੈ ਕਿ ਜੇ ਸਾਡੀ ਨੌਜਵਾਨ ਪੀੜ੍ਹੀ ਆਪਣੇ ਸਭਿਆਚਾਰ ਦੀ ਅਮੀਰ ਵਿਰਾਸਤ ਤੋਂ ਮੁੱਖ ਮੋੜ ਗਈ ਤਾਂ ਪੰਜਾਬ ਵਿੱਚ ਗੀਤ ਸਭਿਆਚਾਰ ਦਾ ਗੰਭੀਰ ਸੰਕਟ ਪੈਦਾ ਹੋ ਸਕਦਾ ਹੈ। ਅਸ਼ੋਕ ਬਾਂਸਲ ਮਾਨਸਾ ਕੋਲ ਗੀਤ ਸੰਗੀਤ ਦਾ ਬੇਸ਼ਕੀਮਤੀ ਖ਼ਜਾਨਾ ਹੈ। ਉਹ ਗੀਤ ਸੰਗੀਤ ਦੇ ਪਿਆਰ ਮੁਹੱਬਤ ਦੀ ਖ਼ੁਸ਼ਬੋ ਸੰਸਾਰ ਵਿੱਚ ਫੈਲਾਉਣ ਦੇ ਮਕਸਦ ਨਾਲ ਪਰਵਾਸ ਵਿੱਚ ਜਾ ਕੇ ਪੁਰਾਤਨ ਗੀਤਕਾਰਾਂ ਦੇ ਦੂਤ ਦੀ ਤਰ੍ਹਾਂ ਵਿਚਰਿਆ ਹੈ। ਉਹ



ਲਗਪਗ ਪਿਛਲੀ ਅੱਧੀ ਸਦੀ ਤੋਂ ਗੀਤ ਸੰਗੀਤ ਦੇ ਖ਼ਜਾਨੇ ਦੀ ਖੋਜ ਕਰਦਾ ਆ ਰਿਹਾ ਹੈ। ਅਖ਼ੀਰ ਉਸ ਦੀ ਮਿਹਨਤ ਤੇ ਸਭਿਆਚਾਰ ਪ੍ਰਤੀ ਦ੍ਰਿੜ੍ਹਤਾ ਰੰਗ ਲਿਆਈ ਤੇ ਅਸ਼ੋਕ ਬਾਂਸਲ ਨੇ ਪੰਜਾਬੀ ਸਭਿਆਚਾਰ ਦੇ ਬੇਸ਼ਕੀਮਤੇ ਹੀਰੇ ਗੀਤਕਾਰਾਂ ਦੇ ਲਿਖੇ ਗੀਤ ਲੱਭਕੇ ਸੰਗੀਤ ਪ੍ਰੇਮੀਆਂ ਦੀ ਕਚਹਿਰੀ ਵਿੱਚ ਪੇਸ਼ ਕੀਤੇ ਹਨ। ਅਸ਼ੋਕ ਬਾਂਸਲ ਮਾਨਸਾ ਗੀਤ ਸੰਗੀਤ ਦੀ ਵਿਰਾਸਤ ਦਾ ਪਹਿਰੇਦਰ ਹੈ। ਇਸ ਮੰਤਵ ਲਈ ਜਿਥੇ ਵੀ ਉਸ ਨੂੰ ਪਤਾ ਲੱਗਿਆ ਦੇਸ਼ ਵਿਦੇਸ਼ ਵਿੱਚ ਉਹ ਜਾ ਕੇ ਗੀਤਕਾਰਾਂ ਬਾਰੇ ਪਤਾ ਕਰਕੇ ਆਇਆ। ਘਰ ਫ਼ੂਕ ਤਮਾਸ਼ਾ ਵੇਖਦਾ ਰਿਹਾ ਹੈ। ਗਾਇਕਾਂ ਦੇ ਨਾਮ ਤਵਿਆਂ, ਕੈਸਟਾਂ ਅਤੇ ਇੰਟਰਨੈਟ ਤੇ ਭਮੀਰੀ ਦੀ ਤਰ੍ਹਾਂ ਘੁੰਮਦੇ ਫਿਰਦੇ ਵਿਖਾਈ ਦਿੰਦੇ ਹਨ, ਪਰੰਤੂ ਕੰਪਨੀਆਂ ਨੇ ਗੀਤਕਾਰਾਂ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਹੋਇਆ। ਇਸ ਅਣਗੌਲੇਪਣ ਦਾ ਹੰਦੇਸ਼ਾ ਅਸ਼ੋਕ ਬਾਂਸਲ ਨੂੰ ਕੁਰੇਦਦਾ ਰਿਹਾ ਹੈ। ਜਿਸ ਕਰਕੇ ਅਸ਼ੋਕ ਬਾਂਸਲ ਮਾਨਸਾ ਨੇ ਲੰਮੀ ਜਦੋਜਹਿਦ ਅਤੇ ਮਿਹਨਤ ਤੋਂ ਬਾਅਦ ਲੋਕਾਂ ਵਿੱਚ ਹਰਮਨ ਪਿਆਰੇ ਗੀਤਾਂ ਦੇ ਗੀਤਕਾਰਾਂ ਦੇ ਨਾਮ ਲੱਭਕੇ ਸੰਗੀਤ ਦੇ ਉਪਾਸ਼ਕਾਂ ਦੇ ਸਾਹਮਣੇ ਲਿਆਂਦੇ ਹਨ ਕਿਉਂਕਿ ਪੁਰਾਣੇ ਸਮੇਂ ਵਿੱਚ ਆਮ ਤੌਰ ‘ਤੇ ਗੀਤਕਾਰ ਦਾ ਨਾਮ ਤਵਿਆਂ ਅਤੇ ਕੈਸਟਾਂ ‘ਤੇ ਲਿਖਿਆ ਨਹੀਂ ਹੁੰਦਾ ਸੀ, ਸਿਰਫ ਗਾਇਕਾਂ ਦਾ ਲਿਖਿਆ ਹੁੰਦਾ ਸੀ। ਗੀਤਕਾਰ ਦੀ ਥਾਂ ਗਾਇਕ ਹੀ ਨਾਮਣਾ ਖੱਟਦੇ ਰਹੇ। ਅਸ਼ੋਕ ਬਾਂਸਲ ਮਾਨਸਾ ਨੂੰ ਗੀਤ ਸੰਗੀਤ ਨਾਲ ਇਸ਼ਕ ਹੈ, ਇਹ ਇਸ਼ਕ ਜਨੂੰਨ ਦੀ ਤਰ੍ਹਾਂ ਹੈ। ਉਸ ਦਾ ਦਿਲ ਗੀਤ ਸੰਗੀਤ ਲਈ ਹੀ ਧੜਕਦਾ ਹੈ। ਗੀਤ ਸੰਗੀਤ ਅਸ਼ੋਕ ਬਾਂਸਲ ਮਾਨਸਾ ਦੀ ਰੂਹ ਦੀ ਖ਼ੁਰਾਕ ਹੈ। ਸਕੂਲ ਵਿੱਚ ਪੜ੍ਹਦਿਆਂ ਹੀ ਅਸ਼ੋਕ ਬਾਂਸਲ ਦੇ ਅਲ੍ਹੜ ਮਨ ‘ਤੇ ਗੀਤ ਸੰਗੀਤ ਦਾ ਰਸ ਅਜਿਹਾ ਜਾਦੂ ਕਰ ਗਿਆ ਤੇ ਉਹ ਇਸ ਦਾ ਗ਼ੁਲਾਮ ਬਣਕੇ ਰਹਿ ਗਿਆ। ਅਸ਼ੋਕ ਬਾਂਸਲ ਮਾਨਸਾ ਨੂੰ ਜਿਥੇ ਵੀ ਕਿਤੇ ਗੀਤ ਸੰਗੀਤ ਦੀ ਸੁਰ ਸੁਣਾਈ ਦਿੰਦੀ ਹੈ, ਉਹ ਉਥੇ ਹੀ ਲਟਾਪੀਂਘ ਹੋ ਕੇ ਪਹੁੰਚ ਜਾਂਦਾ ਹੈ। ਅਸ਼ੋਕ ਬਾਂਸਲ ਮਾਨਸਾ ਨੂੰ ਭੁੱਲੇ ਵਿਸਰੇ ਗੀਤਕਾਰਾਂ ਦਾ ਖੋਜੀ ਕਿਹਾ ਜਾ ਸਕਦਾ ਹੈ। ਉਸ ਨੇ ਅਜਿਹੇ 60 ਗੀਤਕਾਰਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਦੇ ਗੀਤਾਂ ਨੇ ਪੰਜਾਬੀ ਦੇ ਸੰਗੀਤਕ ਪ੍ਰੇਮੀਆਂ ਦੇ ਦਿਲਾਂ ਨੂੰ ਹਲੂਣਿਆਂ ਹੋਇਆ ਹੈ, ਉਨ੍ਹਾਂ ਵਿੱਚੋਂ ਪਹਿਲੀ ਕਿਸ਼ਤ ਵਿੱਚ ਵੀਹ ਗੀਤਕਾਰਾਂ ਦੇ ਗੀਤਾਂ ਅਤੇ ਉਨ੍ਹਾਂ ਦੇ ਗਾਇਕਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਹੈ। ਉਸ ਦੀ ਲਾਇਬਰੇਰੀ ਵਿੱਚ ਪੱਥਰ ਦੇ ਤਵੇ, ਪਲਾ-ਸਟਿਕ ਦੇ ਤਵੇ, ਕੈਸਟਾਂ ਅਤੇ ਸੀ.ਡੀਜ਼ ਦਾ ਭੰਡਾਰ ਸ਼ਸ਼ੋਭਤ ਹੈ। ਭਾਵੇਂ ਅੱਜ ਇੰਟਰਨੈਟ ਦਾ ਜ਼ਮਾਨਾ ਹੈ ਪ੍ਰੰਤੂ ਪੁਰਾਤਨ ਗੀਤ ਸੰਗੀਤ ਸਿਰਫ ਤਵਿਆਂ ਵਿੱਚੋਂ ਹੀ ਮਿਲ ਸਕਦਾ ਹੈ। ਉਨ੍ਹਾਂ ਗੁਆਚੇ ਹੋਏ ਗੀਤਾਂ ਦੇ ਰਿਕਾਰਡ ਲੱਭ ਕੇ ਦੁਬਾਰਾ ਮਾਸਟਰਿੰਗ ਕਰਕੇ 200 ਐਲਬਮ ਐਚ.ਐਮ.ਵੀ.ਕੰਪਨੀ ਨੂੰ ਦਿੱਤੀਆਂ ਹਨ, ਜਿਸ ਨੇ ਨਵੇਂ ਸਿਰੇ ਤੋਂ ਕੈਸਿਟਾਂ ਤੇ ਸੀ.ਡੀਜ਼ ਬਣਾ ਕੇ ਮਾਰਕੀਟ ਵਿੱਚ ਲਿਆਂਦੀਆਂ ਹਨ। ਉਹ ਸਿਆ-ਸਤਦਾਨ ਤਾਂ ਨਹੀਂ ਹੈ, ਜਿਹੜਾ ਰੰਗਲਾ ਪੰਜਾਬ ਬਣਾਉਣ ਦਾ ਐਲਾਨ ਕਰੇਗਾ ਪ੍ਰੰਤੂ ਉਹ ਪੁਰਾਤਨ ਗੀਤਕਾਰਾਂ ਦੇ ਸੰਗੀਤ ਦੀਆਂ ਧੁਨਾਂ ਨਾਲ ਪੰਜਾਬ ਦੀ ਆਬੋ ਹਵਾ ਨੂੰ ਸੁਗੰਧਤ ਕਰਨ ਨਾਲ ਰੰਗਲਾ ਪੰਜਾਬ ਦਾ ਸਪਨਾ ਸਾਕਾਰ ਕਰ ਰਿਹਾ ਹੈ। ਉਹ ਗੀਤਕਾਰ ਜਿਨ੍ਹਾਂ ਦੇ ਗੀਤ ਹਿਟ ਹੋਏ ਹਨ, ਪਰੰਤੂ ਸੰਗੀਤ ਦਾ ਰਸ ਮਾਨਣ ਵਾਲੇ ਲੋਕਾਂ ਨੂੰ ਉਨ੍ਹਾਂ ਬਾਰੇ ਪਤਾ ਹੀ ਨਹੀਂ। ਗੀਤਕਾਰ ਗਿਆਨ ਚੰਦ ਧਵਨ ਜਿਹੜੇ ਜੀ.ਸੀ.ਧਵਨ ਦੇ ਨਾਮ ਨਾਲ ਵੀ ਜਾਣੇ ਜਾਂਦੇ ਹਨ, ਉਸ ਦੇ ਲਿਖੇ ਕੁੱਝ ਗੀਤਾਂ ਨੇ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਮੁਹੰਮਦ ਰਫੀ ਅਤੇ ਸਰਦਾਰ ਅਲੀ ਨੇ ਵਰਗੇ ਗਾਇਕਾਂ ਨੇ ਗਾਇਆ ਪ੍ਰੰਤੂ ਸੰਗੀਤ ਪ੍ਰੇਮੀਆਂ ਨੂੰ ਪਤਾ ਹੀ ਨਹੀਂ ਕਿ ਇਹਨਾਂ ਗੀਤਾਂ ਦਾ ਲੇਖਕ ਕੌਣ ਹੈ। ਉਨ੍ਹਾਂ ਗੀਤਾਂ ਵਿੱਚੋਂ ਕੁਝ ਸ਼ੇਅਰ ਹੇਠ ਲਿਖੇ ਅਨੁਸਾਰ ਹਨ-

ਅੰਦਰ ਜਾਵਾਂ ਬਾਹਰ ਜਾਵਾਂ ਲਾਲ ਚੂੜਾ ਛਣਕਦਾ।
ਅੰਬਰਸਰੇ ਦੀਆਂ ਵੜੀਆਂ ਵੇ ਮੈਂ ਖਾਂਦੀ ਨਾ।
ਬਾਜਰੇ ਦਾ ਸਿੱਟਾ ਅਸਾਂ ਤਲੀ ਤੇ ਮਰੋੜਿਆ।-(ਸੁਰਿੰਦਰ ਕੌਰ-ਪ੍ਰਕਾਸ਼ ਕੌਰ)
ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ।
ਉੱਥੇ ਲੈ ਚਲ ਚਰਖਾ ਮੇਰਾ ਵੇ, ਜਿੱਥੇ ਤੇਰੇ ਹਲ ਚਲਦੇ।-(ਸੁਰਿੰਦਰ ਕੌਰ)
ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ।-(ਪ੍ਰਕਾਸ਼ ਕੌਰ)
ਅੱਜ ਸਾਰੇ ਛੱਡ ਜੰਜਾਲ ਕੁੜੇ, ਮੇਲੇ ਨੂੰ ਚਲ ਮੇਰੇ ਨਾਲ ਕੁੜੇ।-(ਆਸਾ ਸਿੰਘ ਮਸਤਾਨਾ)
ਮੁੰਡੇ ਮਰ ਗਏ ਕਮਾਈਆਂ ਕਰਦੇ, ਨੀ ਹਾਲੇ ਤੇਰੇ ਬੰਦ ਨਾ ਬਣੇ।
ਸਾਡੀ ਰੁੱਸ ਗਈ ਝਾਂਜਰਾਂ ਵਾਲੀ ਤੇ ਸਾਡੇ ਭਾਣੇ ਰੱਬ ਰੁੱਸਿਆ-(ਮੁਹੰਮਦ ਰਫੀ)
ਮੇਰਾ ਢੋਲ ਨੀਂ ਮੱਕੀ ਦਾ ਰਾਖਾ, ਡੱਬ ਵਿੱਚ ਲਿਆਵੇ ਛੱਲੀਆਂ।-(ਮੁਹੰਮਦ ਸਦੀਕ)
ਚੀਕੇ ਚਰਖਾ ਗੋਬਿੰਦੀਏ ਤੇਰਾ ਤੇ ਲੋਕਾਂ ਭਾਣੇ ਮੋਰ ਕੂਕਦਾ।-(ਸਰਦਾਰ ਅਲੀ)

ਅਜਿਹੇ 60 ਗੀਤਕਾਰਾਂ ਬਾਰੇ ਜਾਣਕਾਰੀ ਅਸ਼ੋਕ ਬਾਂਸਲ ਮਾਨਸਾ ਦੀ ਲਾਇਬਰੇਰੀ ਦਾ ਸ਼ਿੰਗਾਰ ਬਣੀ ਹੋਈ ਹੈ। ਅਸ਼ੋਕ ਬਾਂਸਲ ਅਜੇ ਵੀ ਪੂਰੀ ਤਰ੍ਹਾਂ ਸਰਗਰਮ ਹੈ, ਉਮੀਦ ਕੀਤੀ ਜਾਂਦੀ ਹੈ ਕਿ ਭਵਿਖ ਵਿੱਚ ਵੀ ਉਹ ਕੋਈ ਸੰਗੀਤਕ ਸੱਪ ਕੱਢਕੇ ਲਿਆਵੇਗਾ, ਜਿਸ ਨਾਲ ਸੰਗੀਤਕ ਜਗਤ ਹੋਰ ਮਹਿਕ ਖਿਲਾਰਦਾ ਹੋਇਆ ਪੰਜਾਬੀਆਂ ਦੀ ਸੰਗੀਤਕ ਭੁੱਖ ਦੀ ਤ੍ਰਿਪਤੀ ਕਰੇਗਾ।


# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.

Lic. 600094



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




# CAPITAL DRUG TESTING

Capital DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




# ਤਕਨਾਲੋਜੀ ਕਈ ਖੇਤਰਾਂ ’ਚ ਮਨੁੱਖ ਦੇ ਨੁਕਸਾਨ ਦਾ ਕਾਰਨ ਬਣ ਰਹੀ

-ਵਿਜੈ ਗਰਗ-

ਜਿਉਂ-ਜਿਉਂ ਤਕਨਾਲੋਜੀ ’ਚ ਵਾਧਾ ਹੋ ਰਿਹਾ ਹੈ, ਮਨੁੱਖੀ ਜੀਵਨ ਦੀਆਂ ਆਰਾਮਦਾਇਕ ਸਹੂਲਤਾਂ ’ਚ ਵੀ ਵਾਧਾ ਹੋ ਰਿਹਾ ਹੈ। ਅੱਜ ਵਰਦਾਨ ਮੰਨੀ ਜਾਂਦੀ ਤਕਨਾਲੋਜੀ ਕਈ ਖੇਤਰਾਂ ’ਚ ਮਨੁੱਖ ਦੇ ਨੁਕਸਾਨ ਦਾ ਕਾਰਨ ਬਣ ਰਹੀ ਹੈ। ਅਜਿਹਾ ਹੀ ਵੱਡਾ ਨੁਕਸਾਨ, ਜੋ ਆਧੁਨਿਕ ਤਕਨਾਲੋਜੀ ਦੀ ਦੇਣ ਮੰਨਿਆ ਜਾ ਰਿਹਾ ਹੈ ਉਹ ਹੈ ਛੋਟੇ ਬੱਚਿਆਂ ’ਚ ਨਿਰਧਾਰਤ ਸਮੇਂ ਤੋਂ ਦੇਰ ਨਾਲ ਬੋਲਣ ਦੀ ਸਮੱਸਿਆ

## ਤਕਨਾਲੋਜੀ ਬਣ ਰਹੀ ਬੱਚਿਆਂ ’ਚ ਰੋਗਾਂ ਦਾ ਕਾਰਨ

ਜਿਉਂ-ਜਿਉਂ ਤਕਨਾਲੋਜੀ ’ਚ ਵਾਧਾ ਹੋ ਰਿਹਾ ਹੈ, ਮਨੁੱਖੀ ਜੀਵਨ ਦੀਆਂ ਆਰਾਮਦਾਇਕ ਸਹੂਲਤਾਂ ’ਚ ਵੀ ਵਾਧਾ ਹੋ ਰਿਹਾ ਹੈ। ਅੱਜ ਵਰਦਾਨ ਮੰਨੀ ਜਾਂਦੀ ਤਕਨਾਲੋਜੀ ਕਈ ਖੇਤਰਾਂ ’ਚ ਮਨੁੱਖ ਦੇ ਨੁਕਸਾਨ ਦਾ ਕਾਰਨ ਬਣ ਰਹੀ ਹੈ। ਅਜਿਹਾ ਹੀ ਵੱਡਾ ਨੁਕਸਾਨ, ਜੋ ਆਧੁਨਿਕ ਤਕਨਾਲੋਜੀ ਦੀ ਦੇਣ ਮੰਨਿਆ ਜਾ ਰਿਹਾ ਹੈ ਉਹ ਹੈ ਛੋਟੇ ਬੱਚਿਆਂ ’ਚ ਨਿਰਧਾਰਤ ਸਮੇਂ ਤੋਂ ਦੇਰ ਨਾਲ ਬੋਲਣ ਦੀ ਸਮੱਸਿਆ, ਜੋ ਤਕਰੀਬਨ ਅੱਜ 40 ਫ਼ੀਸਦੀ ਬੱਚਿਆਂ ’ਚ ਪਾਈ ਜਾ ਰਹੀ ਹੈ। ਇਸ ਸਮੱਸਿਆ ਦੇ ਵਧਣ ਦੇ ਵੱਖ-ਵੱਖ ਕਾਰਨ ਹਨ।

## ਬਿਮਾਰੀ ਦੇ ਲੱਛਣ

ਮਨੁੱਖੀ ਜੀਵਨ ’ਚ ਸਰੀਰ ਨੂੰ ਜਦੋਂ ਕੋਈ ਬਿਮਾਰੀ ਘੇਰਦੀ ਹੈ ਤਾਂ ਉਹ ਆਪਣੇ ਆਉਣ ਦੇ ਲੱਛਣ ਪਹਿਲਾਂ ਦਰਸਾਉਣ ਲੱਗ ਪੈਂਦੀ ਹੈ। ਜੇ ਸਮਾਂ ਰਹਿੰਦਿਆਂ ਉਨ੍ਹਾਂ ਲੱਛਣਾਂ ਨੂੰ ਪਛਾਣ ਕੇ ਉਸ ਦੇ ਹੱਲ ਕੱਢ ਲਏ ਜਾਣ ਤਾਂ ਅਸੀਂ ਉਸ ਬਿਮਾਰੀ ਦੇ ਕਹਿਰ ਤੋਂ ਬਚ ਸਕਦੇ ਹਾਂ। ਜੇ ਸਮਾਂ ਰਹਿੰਦਿਆਂ ਗੌਰ ਨਾ ਕੀਤੀ ਜਾਵੇ ਤਾਂ ਬਿਮਾਰੀ ਦੀ ਉਲਝਣ ਕਾਰਨ ਇਲਾਜ ਵੀ ਪ੍ਰਭਾਵਿਤ ਹੋ ਸਕਦਾ ਹੈ। ਇਸੇ ਤਰ੍ਹਾਂ ਜੇ ਛੋਟੀ ਉਮਰ ਦੇ ਬੱਚਿਆਂ ’ਚ ਦੇਰੀ ਨਾਲ ਬੋਲਣ ਦੀ ਸਮੱਸਿਆ ਦੀ ਗੱਲ ਕੀਤੀ ਜਾਵੇ ਤਾਂ ਆਮ ਜ਼ਿੰਦਗੀ ’ਚ ਇਕ ਬੱਚਾ ਆਪਣੇ ਜਨਮ ਤੋਂ ਲਗਪਗ 18 ਮਹੀਨਿਆ ਤੱਕ ਇਕਹਿਰੇ ਸ਼ਬਦਾਂ ਨੂੰ ਬੋਲਣਾ ਤੇ ਸਮਝਣਾ ਸ਼ੁਰੂ ਕਰ ਦਿੰਦਾ ਹੈ। ਕਈ ਬੱਚੇ ਇਸ ਸਮੇਂ ਤੋਂ ਕੁਝ ਪਹਿਲਾਂ ਹੀ ਇਕੱਲੇ ਸ਼ਬਦਾਂ ਨੂੰ ਬੋਲਣਾ ਸਿੱਖ ਜਾਂਦੇ ਹਨ। ਕੁਝ ਬੱਚੇ ਅਜਿਹੇ ਹੁੰਦੇ ਹਨ, ਜਿਨ੍ਹਾਂ ’ਚ 24 ਤੋਂ 36 ਮਹੀਨਿਆਂ ਦਾ ਸਮਾਂ ਲੰਘਣ ਤੋਂ ਬਾਅਦ ਵੀ ਇਕਹਿਰੇ ਸ਼ਬਦਾਂ ਨੂੰ ਬੋਲਣ ਤੇ ਸਮਝਣ ਦੀ ਸਮਰੱਥਾ ਦਾ ਵਿਕਾਸ ਨਹੀਂ ਹੁੰਦਾ। ਇਹ ਵੱਡਾ ਲੱਛਣ ਹੁੰਦਾ ਹੈ ਕਿ ਬੱਚਾ ਦੇਰੀ ਨਾਲ ਬੋਲਣ ਦੀ ਸਮੱਸਿਆ ਦਾ ਪੀੜਤ ਹੋ ਗਿਆ ਹੈ। ਕਈ ਵਾਰ ਬੱਚੇ ਦਾ ਜਨਮ ਤੋਂ ਹੀ ਮੰਦਬੁੱਧੀ ਹੋਣਾ ਵੱਡਾ ਕਾਰਨ ਹੁੰਦਾ ਹੈ।

ਦੂਜਾ ਲੱਛਣ ਇਹ ਵੀ ਹੈ ਕਿ ਜੇ ਬੱਚਾ 24 ਮਹੀਨਿਆਂ ਤੋਂ ਬਾਅਦ ਵੀ ਸਾਡੀ ਗੱਲ ਸੁਣਨ ਤੋਂ ਬਾਅਦ ਸਾਡੇ ਨਾਲ ਸਿੱਧੀਆਂ ਨਜ਼ਰਾਂ ਨਹੀਂ ਮਿਲਾਉਂਦਾ ਜਾਂ ਫਿਰ ਬੋਲਣ ਵਾਲੇ ਵਿਅਕਤੀ ਨੂੰ ਅਣਦੇਖਿਆ ਕਰਦਾ ਹੈ ਤੇ ਗੱਲ ਸਮਝਣ ’ਚ ਦੇਰੀ ਲਗਾਉਂਦਾ ਹੈ ਤਾਂ ਇਹ ਲੱਛਣ ਦੇਰ ਨਾਲ ਬੋਲਣ ਦੀ ਸਮੱਸਿਆ ਦੀ ਸ਼ੁਰੂਆਤ ਹੁੰਦੇ ਹਨ। ਬਾਕੀ 50 ਫ਼ੀਸਦੀ ਬੱਚੇ ਸਾਡੀਆਂ ਖ਼ੁਦ ਦੀਆਂ ਗ਼ਲਤੀਆਂ ਜਾਂ ਅਣਗਹਿਲੀਆਂ ਕਾਰਨ ਹੀ ਦੇਰੀ ਨਾਲ ਬੋਲਣ ਦੀ ਸਮੱਸਿਆ ਦਾ ਸ਼ਿਕਾਰ ਹੁੰਦੇ ਹਨ।

ਆਧੁਨਿਕ ਸਮੇਂ ’ਚ ਸਭ ਤੋਂ ਵੱਡਾ ਕਾਰਨ ਤਕਨਾਲੋਜੀ ਹੈ, ਜਿਸ ਦੀ ਗ਼ਲਤ ਵਰਤੋਂ ਤੇ ਲੋੜ ਤੋਂ ਜ਼ਿਆਦਾ ਹੋ ਰਹੀ ਵਰਤੋਂ ਹੀ ਬੱਚਿਆ ਵਿਚ ਦੇਰੀ ਨਾਲ ਬੋਲਣ ਦਾ ਕਾਰਨ ਬਣ ਰਹੀ ਹੈ। ਜੇ ਬੱਚਾ 2-4 ਸਾਲ ਤੱਕ ਬੋਲਣਾ ਨਹੀਂ ਸ਼ੁਰੂ ਕਰਦਾ ਤਾਂ ਅਸੀਂ ਉਸ ਨੂੰ ਦੇਰ ਨਾਲ ਬੋਲਣ ਦੇ ਰੋਗ ਦਾ ਸ਼ਿਕਾਰ ਕਹਾਂਗੇ, ਜਿਸ ਦਾ ਇਲਾਜ ਕਰਵਾਉਣਾ ਲਾਜ਼ਮੀ ਹੁੰਦਾ ਹੈ।

## ਟੀਵੀ ਤੇ ਮੋਬਾਈਲ ਦੀ ਜ਼ਿਆਦਾ ਵਰਤੋਂ

ਤਕਨਾਲੋਜੀ ਦੀ ਤਰੱਕੀ ਸਦਕਾ ਹੀ ਅੱਜ ਦੁਨੀਆ ’ਚ ਬੱਚੇ-ਬੱਚੇ ਦੇ ਹੱਥ ਵਿਚ ਮੋਬਾਈਲ ਆ ਗਿਆ ਹੈ। ਮਾਪਿਆਂ ਵੱਲੋਂ ਵੀ ਆਪਣੇ ਬੱਚਿਆਂ ਲਈ ਸਮਾਂ ਨਾ ਕੱਢ ਸਕਣ ਕਾਰਨ ਬੱਚਿਆਂ ਵੱਲੋਂ ਜ਼ਿਆਦਾ ਸਮਾਂ ਟੀਵੀ ਦੇਖਣਾ ਜਾਂ ਫਿਰ ਹਰ ਸਮੇਂ ਮੋਬਾਈਲ ਦੀ ਵਰਤੋਂ ਕਰ ਕੇ ਟਾਈਮਪਾਸ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ, ਜੋ ਬੋਲਣ ਦਾ ਵਿਕਾਸ ਦੇਰੀ ਨਾਲ ਹੋਣ ਦਾ ਕਾਰਨ ਬਣ ਰਿਹਾ ਹੈ। ਮਾਪੇ ਆਪਣੀ ਸਹੂਲਤ ਲਈ ਛੋਟੇ ਬੱਚਿਆਂ ਨੂੰ ਜ਼ਿਆਦਾ ਸਮਾਂ ਟੀਵੀ ’ਤੇ ਕਾਰਟੂਨ ਦੇਖਣ ਜਾਂ ਮੋਬਾਈਲ ’ਤੇ ਗੇਮ ਖੇਡਣ ਲਈ ਪ੍ਰੇਰਦੇ ਹਨ, ਜਿਸ ਕਾਰਨ ਬੱਚਿਆਂ ਵਿਚ ਆਪਸੀ ਬੋਲਚਾਲ ਦੀ ਸਮਰੱਥਾ ਦਾ ਵਿਕਾਸ ਦੇਰੀ ਨਾਲ ਹੁੰਦਾ ਹੈ। ਬੱਚਾ ਸਿਰਫ ਇਕਤਰਫਾ ਸੰਚਾਰ ਹੀ ਕਰਦਾ ਹੈ, ਜਿਸ ਕਾਰਨ ਉਸ ਵਿਚ ਬੋਲਣ ਦੀ ਕਿਰਿਆ ਨਾਲੋਂ ਦੇਖਣ ਦੀ ਕਿਰਿਆ ਦਾ ਜ਼ਿਆਦਾ ਵਿਕਾਸ ਹੁੰਦਾ ਹੈ। ਜ਼ਿਆਦਾ ਟੀਵੀ ਦੇਖਣ ਨਾਲ ਜਿੱਥੇ ਨਜ਼ਰ ’ਤੇ ਬੁਰਾ ਪ੍ਰਭਾਵ ਪੈਂਦਾ ਹੈ, ਨਾਲ ਹੀ ਮੋਬਾਈਲ ਦੀ ਜ਼ਿਆਦਾ ਵਰਤੋਂ ਨਾਲ ਸੁਣਨ ਸ਼ਕਤੀ ’ਤੇ ਵੀ ਅਸਰ ਪੈਂਦਾ ਹੈ। ਅੱਜ ਅਜਿਹੇ ਸਾਧਨਾਂ ਦੀ ਲੋੜ ਤੋਂ ਜ਼ਿਆਦਾ ਵਰਤੋਂ ਸਰੀਰਕ ਨੁਕਸਾਨ ਦਾ ਕਾਰਨ ਬਣ ਰਹੀ ਹੈ।

## ਸਰੀਰਕ ਬਿਮਾਰੀਆਂ ’ਚ ਵਾਧਾ

ਮਾਪਿਆਂ ਦੀਆਂ ਗ਼ਲਤੀਆਂ ਸਦਕਾ ਅੱਜ ਛੋਟੇ ਬੱਚਿਆਂ ਦੀਆਂ ਸਰੀਰਕ ਬਿਮਾਰੀਆਂ ’ਚ ਵੀ ਕਾਫ਼ੀ ਵਾਧਾ ਹੋ ਰਿਹਾ ਹੈ। ਜੇ ਦੋ-ਤਿੰਨ ਦਹਾਕੇ ਪਹਿਲਾਂ ਦੇ ਬੱਚਿਆਂ ਦੀ ਤੁਲਨਾ ਅੱਜ ਦੀ ਪੀੜ੍ਹੀ ਨਾਲ ਕੀਤੀ ਜਾਵੇ ਤਾਂ ਸਾਡੇ ਸਾਹਮਣੇ ਬਹੁਤ ਹੀ ਚਿੰਤਾਜਨਕ ਨਤੀਜੇ ਆਉਂਦੇ ਹਨ। ਉਨ੍ਹਾਂ ਸਮਿਆਂ ’ਚ ਤਕਨਾਲੋਜੀ ਦੀ ਘਾਟ, ਬਾਹਰੀ ਵਧੀਆ ਵਾਤਾਵਰਨ ਅਤੇ ਮਾਪਿਆਂ ਦਾ ਹਰ ਸਮੇਂ ਬੱਚਿਆਂ ਨਾਲ ਵਿਚਰਨਾ ਹੀ ਉਨ੍ਹਾਂ ਵਿਚ ਬਿਮਾਰੀਆਂ ਨਾ ਹੋਣ ਦਾ ਵੱਡਾ ਕਾਰਨ ਸੀ। ਇਸ ਦੇ ਉਲਟ ਅੱਜ ਮਾਪਿਆਂ ਦਾ ਬੱਚਿਆ ਲਈ ਸਮਾਂ ਨਾ ਕੱਢਣਾ ਤੇ ਅਯੋਗ ਵਾਤਾਵਰਨ ਮਿਲਣ ਕਾਰਨ ਹੀ ਬੱਚਿਆਂ ਨੂੰ ਛੋਟੀ ਉਮਰ ਵਿਚ ਹੀ ਕਈ ਤਰ੍ਹਾਂ ਦੇ ਸਰੀਰਕ ਰੋਗ ਜਕੜ ਰਹੇ ਹਨ। ਹਰ ਸਮੇਂ ਟੀਵੀ, ਮੋਬਾਈਲ, ਕੰਪਿਊਟਰ, ਇੰਟਰਨੈੱਟ ਦੀ ਲਗਾਤਾਰ ਇੱਕੋ ਸਥਿਤੀ ਵਿਚ ਬੈਠ ਕੇ ਵਰਤੋਂ ਕਰਨ ਨਾਲ ਦੇਸ਼ ਦੇ ਲਗਪਗ 45 ਫ਼ੀਸਦੀ ਬੱਚੇ ਛੋਟੀ ਉਮਰ ਵਿਚ ਹੀ ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ। ਮੋਟਾਪਾ ਅੱਗੇ ਜਾ ਕੇ ਸ਼ੂਗਰ ਦਾ ਕਾਰਨ ਵੀ ਬਣ ਜਾਂਦਾ ਹੈ।

## ਯੋਗ ਵਾਤਾਵਰਨ ਨਾ ਮਿਲਣਾ

ਇਸ ਤੋਂ ਇਲਾਵਾ ਦੇਰੀ ਨਾਲ ਬੋਲਣ ਦੀ ਸਮੱਸਿਆ ਦਾ ਵੱਡਾ ਕਾਰਨ ਬੱਚੇ ਨੂੰ ਜਨਮ ਤੋਂ ਹੀ ਸਹੀ ਵਾਤਾਵਰਨ ਨਾ ਮਿਲਣਾ ਵੀ ਹੁੰਦਾ ਹੈ। ਅੱਜ ਦੇ ਵਿ-ਗਿਆਨਕ ਤੇ ਮਹਿੰਗਾਈ ਦੇ ਯੁੱਗ ’ਚ ਹਰ ਪਰਿਵਾਰ ਦੇ ਤਕਰੀਬਨ ਸਾਰੇ ਮੈਂਬਰ ਹੀ ਨੌਕਰੀਸ਼ੁਦਾ ਹੁੰਦੇ ਹਨ, ਜਿਸ ਕਾਰਨ ਬੱਚੇ ਨੂੰ ਜਨਮ ਤੋਂ ਅਜਿਹਾ ਵਾਤਾਵਰਨ ਮਿਲਦਾ ਹੈ, ਜਿਸ ਵਿਚ ਉਸ ਨੂੰ ਸਵੇਰ ਤੋਂ ਸ਼ਾਮ ਤੱਕ ਇਕੱਲੇ ਕਿਸੇ ਘਰ ਦੇ ਵੱਡੇ ਬਜ਼ੁਰਗ ਜਾਂ ਕੰਮ ਵਾਲੀ ਕੋਲ ਹੀ ਰਹਿਣਾ ਪੈਂਦਾ ਹੈ, ਜੋ ਬਹੁਤ ਹੀ ਸ਼ਾਂਤ ਮਾਹੌਲ ਹੁੰਦਾ ਹੈ, ਜਿਸ ਕਾਰਨ ਬੱਚੇ ਵਿਚ ਬੋਲਣ ਦੀ ਕਿਰਿਆ ਦਾ ਛੇਤੀ ਵਿਕਾਸ ਨਹੀਂ ਹੁੰਦਾ। ਮਾਪਿਆਂ ਦਾ ਬੱਚਿਆਂ ਨਾਲ ਲੋੜ ਮੁਤ-ਾਬਿਕ ਨਾ ਬੋਲਣਾ ਤੇ ਰੁੱਝੇ ਰਹਿਣਾ ਹੀ ਬੱਚਿਆਂ ਵਿਚ ਬੋਲਚਾਲ ਦੀ ਭਾਸ਼ਾ ਦਾ ਵਿਕਾਸ ਨਾ ਹੋਣ ਦਾ ਵੱਡਾ ਕਾਰਨ ਬਣ ਰਿਹਾ ਹੈ।

## ਵਿਹਾਰਕ ਤਬਦੀਲੀ

ਉਪਰੋਕਤ ਕਾਰਨਾਂ ਕਰਕੇ ਹੀ ਅੱਜ ਦੇ ਸਮੇਂ ਵਿਚ ਛੋਟੀ ਉਮਰ ਦੇ ਬੱਚਿਆਂ ਵਿਚ ਕਈ ਪ੍ਰਕਾਰ ਦੇ ਰੋਗਾਂ ਦਾ ਵਾਧਾ ਹੋ ਰਿਹਾ ਹੈ। ਮਾਪਿਆਂ ਦੀਆਂ ਗ਼ਲਤੀਆਂ ਤੇ ਤਕਨਾਲੋਜੀ ਦੀ ਦੁਰਵਰਤੋਂ ਸਦਕਾ ਹੀ ਅੱਜ ਕੁਝ ਫ਼ੀਸਦੀ ਵਿਚ ਨਿੱਕੀ ਉਮਰੇ ਹੀ ਬੱਚੇ ਔਟੀਜ਼ਮ ਦਾ ਸ਼ਿਕਾਰ ਹੋ ਰਹੇ ਹਨ। ਇਹ ਵਿਹਾਰ ਦੀ ਅਜਿਹੀ ਤਬਦੀਲੀ ਹੁੰਦੀ ਹੈ, ਜਿਸ ’ਚ ਬੱਚੇ ਸਿਰਫ਼ ਆਪਣੇ ਆਪ ਵਿਚ ਹੀ ਖੋਏ ਰਹਿੰਦੇ ਹਨ। ਉਹ ਹਰ ਗੱਲ ਨੂੰ ਸੁਣਨ ਤੇ ਸਮਝਣ ’ਚ ਦੇਰੀ ਲਾਉਂਦੇ ਹਨ। ਜ਼ਿਆਦਾਤਰ ਮਾਪੇ ਇਨ੍ਹਾਂ ਲੱਛਣਾਂ ਨੂੰ ਆਮ ਸਮਝ ਕੇ ਬੱਚੇ ਵੱਲ ਬਿਲਕੁਲ ਧਿਆਨ ਨਹੀਂ ਦਿੰਦੇ ਪਰ ਇਸ ਸਮੱਸਿਆ ਨੂੰ ਜੇ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਤਾਂ ਭਵਿੱਖ ’ਚ ਇਹ ਸਮੱਸਿਆ ਬੱਚੇ ਦੇ ਸਰੀਰਕ ਤੇ ਮਾਨਸਿਕ ਰੋਗਾਂ ਦਾ ਕਾਰਨ ਵੀ ਬਣਦੀ ਹੈ।

## ਸੁਝਾਅ

ਸਭ ਤੋਂ ਪਹਿਲਾਂ ਅੱਜ ਹਰ ਮਾਪੇ ਵੱਲੋਂ ਬੱਚਿਆਂ ਨੂੰ ਮੋਬਾਈਲ, ਟੀਵੀ, ਇੰਟਰਨੈੱਟ ਦੀ ਵਰਤੋਂ ਲਈ ਸਿਰਫ਼ ਨਿਰਧਾਰਤ ਸਮਾਂ ਹੀ ਦਿੱਤਾ ਜਾਵੇ।

ਬੱਚਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਬਾਹਰੀ ਖੇਡਾਂ ਖੇਡਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ, ਜਿਸ ਨਾਲ ਉਨ੍ਹਾਂ ਦਾ ਸਰੀਰਕ ਵਿਕਾਸ ਸਹੀ ਤਰੀਕੇ ਨਾਲ ਹੁੰਦਾ ਹੈ।

ਬੱਚਿਆਂ ਨੂੰ ਯੋਗਾ ਕਰਨ ਤੇ ਹੋਰ ਸਰੀਰਕ ਕਸਰਤਾਂ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਜੋ ਸਰੀਰਕ ਤੇ ਮਾਨਸਿਕ ਸਥਿਤੀ ਨੂੰ ਮਜ਼ਬੂਤ ਕਰਦੀਆਂ ਹਨ।

ਜ਼ਿਆਦਾ ਛੋਟੀ ਉਮਰ ਦੇ ਬੱਚਿਆਂ ਨਾਲ ਜ਼ਿਆਦਾ ਤੋਂ ਜ਼ਿਆਦਾ ਸਮਾਂ ਗੱਲਾਂ ਕਰਨੀਆਂ ਚਾਹੀਦੀਆਂ ਹਨ, ਜੋ ਉਨ੍ਹਾਂ ਦੀ ਬੋਲਣ ਦੀ ਕਿਰਿਆ ਦੇ ਵਿਕਾਸ ਵਿਚ ਮਦਦਗਾਰ ਸਾਬਿਤ ਹੁੰਦੀਆਂ ਹਨ ਤੇ ਉਨ੍ਹਾਂ ਨਾਲ ਜ਼ਿਆਦਾ ਸਮਾਂ ਬਿਤਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਇਕੱਲੇ ਖੇਡਣ ਤੋਂ ਜ਼ਿਆਦਾ ਬਿਹਤਰ ਹੈ ਸਮਾਂ ਕੱਢ ਕੇ ਉਨ੍ਹਾਂ ਨਾਲ ਆਪ ਖੇਡਣਾ ਚਾਹੀਦਾ ਹੈ।

ਜੇ ਕੋਈ ਬੱਚਾ ਦੇਰੀ ਨਾਲ ਬੋਲਣ ਸਬੰਧਤ ਬਿਮਾਰੀ ਦੇ ਲੱਛਣ ਦਰਸਾਉਂਦਾ ਹੈ ਤਾਂ ਉਸ ਨੂੰ ਤਰੁੰਤ ਸਪੀਚ ਥੈਰੇਪੀ ਦੇ ਮਾਹਿਰ ਡਾਕਟਰਾਂ ਦੀ ਸਲਾਹ ਲੈਣੀ ਚਾਹੀਦੀ ਹੈ।

# ਪੰਜਾਬ ਦਾ ਡਿਜ਼ੀਟਲ ਮੀਡੀਆ ਅਤੇ ਮੌਜੂਦਾ ਦੌਰ ਵਿੱਚ ਇਸ ਦੀ ਪਰਿਭਾਸ਼ਾ

ਡਾ. ਜਸਵਿੰਦਰ ਕੌਰ

ਮੀਡੀਆ : ਜਿਸ ਦਾ ਆਮ ਅਰਥ ਹੈ ਸੰਚਾਰ ਮਾਧਿਅਮ। ਮੀਡੀਆ ਕੇਵਲ ਇਲੈਕਟਰੌਨਿਕ ਮੀਡੀਆ ਜਾਂ ਟੀ.ਵੀ. ਚੈਨਲ ਹੀ ਨਹੀਂ ਬਲਕਿ ਪ੍ਰਿੰਟ ਮੀਡੀਆ, ਸੋਸ਼ਲ- ਮੀਡੀਆ, ਇਸ਼ਤਿਹਾਰ ਮੀਡੀਆ, ਡਿਜੀਟਲ ਮੀਡੀਆ, ਪ੍ਰਕਾਸ਼ਤਿ ਮੀਡੀਆ, ਮਾਸ-ਮੀਡੀਆ, ਰਿਕਾਡਿੰਗ ਮੀਡੀਆ ਅਤੇ ਪ੍ਰਸਾਰਨ ਮੀਡੀਆ ਵੀ ਹਨ। ਇਥੇ ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਜੇਕਰ ਅਜੋਕੀ ਰਾਜਨੀਤੀ ਸੱਤਾ ਦਾ ਰੁਖ ਹੈ ਤਾਂ ਮੀਡੀਆ ਉਹ ਹਥਿਆਰ ਹੈ, ਜਿਸ ਨਾਲ ਅਸੀਂ ਕ੍ਰਾਂਤੀ ਲਿਆ ਸਕਦੇ ਹਾਂ। ਪੰਦਰਵੀਂ ਸਦੀ ਦੇ ਅੱਧ 'ਚ ਜਰਮਨ ਵਾਸੀ ਗੁਟਨਬਰਗ ਦੁਆਰਾ ਪ੍ਰਿੰਟਿੰਗ ਪ੍ਰੈਸ ਦੀ ਕਾਢ ਕੱਢਣ ਤੋਂ ਬਾਅਦ ਤਾਂ ਮੀਡੀਆ ਦਾ ਇਨਕਲਾਬ ਹੀ ਆ ਗਿਆ। ਅਖਬਾਰਾਂ, ਮੈਗਜ਼ੀਨ, ਟੀਵੀ, ਰੇਡੀਓ, ਕੰਪਿਊਟਰ ਦੀ ਕਾਢ ਨਾਲ ਮਨੋਰੰਜਨ ਅਤੇ ਸੂਚਨਾ ਦੇ ਖੇਤਰ ਵਿੱਚ ਤਰੱਕੀ ਹੋਈ, ਨਵੇਂ ਸੰਚਾਰ ਸਾਧਨਾਂ ਸੇਟੈਲਾਈਟ, ਮੋਬਾਈਲ, ਟੈਬਲੇਟ, ਮਾਈਕ੍ਰੋਚਿਪ, ਆਈ ਪੈਡਜ਼, ਲੈਪਟੌਪ ਆਦਿ ਨੇ ਸੰਚਾਰ ਕਿਰਿਆਵਾਂ ਨੂੰ ਗਲੋਬਲ ਪੱਧਰ 'ਤੇ ਹੋਰ ਵੀ ਤੇਜ਼ ਕੀਤਾ।

ਜੇਕਰ ਅਜੋਕੇ ਪੰਜਾਬ ਦੇ ਡਿਜੀਟਲ ਮੀਡੀਆ ਲੈਂਡਸਕੇਪ ਦੀ ਗੱਲ ਕੀਤੀ ਜਾਵੇ ਤਾਂ ਇਹ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਇਹ ਪੰਜਾਬੀ ਬੋਲਣ ਵਾਲੀ ਆਬਾਦੀ ਨੂੰ ਆਨਲਾਈਨ ਪਲੇਟਫਾਰਮਾਂ ਅਤੇ ਡਿਜੀਟਲ ਸਮੱਗਰੀ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ ਕਰਦਾ ਹੈ। ਬਹੁਤ ਸਾਰੇ ਪੰਜਾਬ ਆਧਾਰਿਤ ਅਖਬਾਰਾਂ, ਰਸਾਲਿਆਂ, ਨਿਊਜ ਚੈਨਲਾਂ ਅਤੇ ਮੀਡੀਆ ਆਊਟਲੈਟਾਂ ਨੇ ਵੈਬਸਾਈਟਾਂ ਅਤੇ ਪੋਰਟਲਾਂ ਰਾਹੀਂ ਆਪਣੀ ਆਨਲਾਈਨ ਮੌਜੂਦਗੀ ਸਥਾਪਿਤ ਕੀਤੀ ਹੈ। ਇਹ ਪਲੇਟਫਾਰਮ ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿੱਚ ਖਬਰਾਂ, ਲੇਖ, ਵਿਸ਼ੇਸ਼ਤਾਵਾਂ, ਰੋਜ਼ਮਰਾ ਦੀਆਂ ਘਟਨਾਵਾਂ ਦੇ ਵਿਭਿੰਨ ਰੂਪਾਂ ਦੀ ਪੇਸ਼ਕਸ਼ ਕਰਦੇ ਹਨ। ਉਹ ਪਾਠਕਾਂ ਨੂੰ ਇੰਟਰਨੈਟ ਕਨੈਕਸ਼ਨ ਦੇ ਨਾਲ-ਨਾਲ ਕਿਸੇ ਵੀ ਸਮੇਂ ਜਾਂ ਸਥਾਨ ਤੇ ਜਾਣਕਾਰੀ ਪਹੁੰਚਾਉਣ ਦੀ

ਸਹੂਲਤ ਪ੍ਰਦਾਨ ਕਰਦੇ ਹਨ। ਪੰਜਾਬ ਵਿੱਚ ਕਈ ਮੀਡੀਆ ਆਊਟਲੈਟਾਂ ਨੇ ਮੋਬਾਇਲ ਐਪਲੀਕੇਸ਼ਨ ਵਿਕਸਿਤ ਕੀਤੀਆਂ ਹਨ ਜੋ ਉਪਭੋਗਤਾਵਾਂ ਨੂੰ ਆਪਣੇ ਸਮਾਰਟ ਫੋਨ ਜਾਂ ਟੈਬਲੈਟਾਂ ਤੇ ਸਿੱਧੇ ਤੌਰ ਤੇ ਖਬਰਾਂ, ਵੀਡੀਓਜ਼, ਲਾਈਵ ਸਟਰੀਮਾਂ ਅਤੇ ਹੋਰ ਡਿਜੀਟਲ ਸਮੱਗਰੀ ਤੱਕ ਪਹੁੰਚ ਕਰਨ ਦੀ ਇਜਾਜ਼ਤ ਦਿੰਦੀਆਂ ਹਨ। ਇਹ ਐਪਲੀਕੇਸ਼ਨ ਇੱਕ ਤੋਂ ਵਧੇਰੇ ਵਿਅਕਤੀਗਤ ਅਤੇ ਇੰਟਰ ਐਕਟਿਵ ਅਨੁਭਵ ਪ੍ਰਦਾਨ ਕਰਦੀਆਂ ਹਨ। ਇਹ ਉਪਭੋਗਤਾਵਾਂ ਨੂੰ ਉਹਨਾਂ ਦੀਆਂ ਖਬਰਾਂ ਦੀਆਂ ਤਰਜੀਹਾਂ ਨੂੰ ਅਨੁਕੂਲਿਤ ਕਰਨ, ਸੂਚਨਾਵਾਂ ਪ੍ਰਾਪਤ ਕਰਨ ਅਤੇ ਚਰਚਾਵਾਂ ਵਿੱਚ ਸ਼ਾਮਿਲ ਕਰਨ ਦੇ ਯੋਗ ਬਣਾਉਂਦੀਆਂ ਹਨ। ਫੇਸਬੁੱਕ, ਵਾਟਸੈਪ, ਇੰਸਟਾਗਰਾਮ, ਟਵਿਟਰ ਅਤੇ ਯੂ- ਟਿਊਬ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੇ ਪੰਜਾਬੀਆਂ ਵਿੱਚ ਬਹੁਤ ਪ੍ਰਸਿੱਧੀ ਹਾਸਲ ਕੀਤੀ ਹੈ ਜੋ ਖਬਰਾਂ, ਵੀਡੀਓ, ਫੋਟੋਆਂ ਅਤੇ ਹੋਰ ਜਰੂਰੀ ਸਮੱਗਰੀ ਨੂੰ ਸਾਂਝਾ ਕਰਨ ਲਈ ਇੱਕ ਵਧੀਆ ਪਲੇਟਫਾਰਮ ਹੈ। ਪੰਜਾਬ ਮੀਡੀਆ ਆਊਟਲੈਟ ਤੇ ਹੋਰ ਵਿਅਕਤੀਗਤ ਸਮੱਗਰੀ ਦੇ ਸਿਰਜਣਹਾਰ ਇਹਨਾਂ ਪਲੇਟਫਾਰਮਾਂ ਦੀ ਵਰਤੋਂ ਦਰਸ਼ਕਾਂ ਤੱਕ ਪਹੁੰਚ ਕਰਨ ਤੇ ਅਨੁਯਾਈਆਂ ਨਾਲ ਜੁੜਨ ਅਤੇ ਉਹਨਾਂ ਦੀ ਸਮੱਗਰੀ ਨੂੰ ਉਤਸ਼ਾਹਿਤ ਕਰਨ ਲਈ ਕਰਦੇ ਹਨ। ਸੋਸ਼ਲ ਮੀਡੀਆ ਪੰਜਾਬ ਦੇ ਬਹੁਤ ਸਾਰੇ ਲੋਕਾਂ ਲਈ ਖਬਰਾਂ ਅਤੇ ਮਨੋਰੰਜਨ ਦਾ ਇੱਕ ਮਹੱਤਵਪੂਰਨ ਸਰੋਤ ਵੀ ਬਣ ਗਿਆ ਹੈ। ਆਨਲਾਈਨ ਸਟਰੀਮਿੰਗ ਡਿਜੀਟਲ ਪਲੇਟਫਾਰਮਾਂ ਦੇ ਉਭਾਰ ਨੇ ਪੰਜਾਬ ਵਿੱਚ ਆਡੀਓ ਅਤੇ ਵੀਡੀਓ ਸਮੱਗਰੀ ਦੀ ਵਰਤੋਂ ਕਰਨ ਦੇ ਤਰੀਕੇ ਵਿੱਚ ਵੀ ਕ੍ਰਾਂਤੀ ਲਿਆ ਦਿੱਤੀ ਹੈ। ਯੂ-ਟਿਊਬ, ਸਪੋਟੀਫਾਈ ਅਤੇ ਗਾਣਾ ਡੀ ਕਾਮ ਵਰਗੇ ਸਟਰੀਮਿੰਗ ਪਲੇਟਫਾਰਮ ਪੰਜਾਬੀ ਸੰਗੀਤ, ਫਿਲਮਾਂ ਅਤੇ ਵੈਬ ਸੀਰੀਜ਼ ਦੀ ਇੱਕ ਵਿਸ਼ਾਲ ਲਾਇਬ੍ਰੇਰੀ ਦੀ ਮੇਜਬਾਨੀ ਕਰਦੇ ਹਨ। ਇਹਨਾਂ ਪਲੇਟਫਾਰਮਾਂ ਨੇ ਕਲਾਕਾਰਾਂ, ਸੰਗੀਤਕਾਰਾਂ ਤੇ ਫਿਲਮ ਨਿਰਮਾਤਾਵਾਂ ਲਈ ਆਪਣੇ ਕੰਮ ਦਾ ਪ੍ਰਦਰਸ਼ਨ ਕਰਨਾ ਅਤੇ ਵਿਸ਼ਵ ਵਿਆਪੀ ਦਰਸ਼ਕਾਂ ਤੱਕ ਪਹੁੰਚਾਉਣਾ ਆਸਾਨ ਬਣਾ ਦਿੱਤਾ ਹੈ। ਰਵਾਇਤੀ ਪ੍ਰਿੰਟ ਅਤੇ ਪ੍ਰਸਾਰਨ ਪੰਜਾਬ ਮੀਡੀਆ ਦੇ ਨਾਲ ਨਾਲ ਪੰਜਾਬ ਵਿੱਚ ਡਿਜੀਟਲ ਨਿਊਜ਼ ਪਲੇਟਫਾਰਮ ਉਭਰ ਕੇ ਸਾਹ-ਮਣੇ ਆਏ ਹਨ, ਜੋ ਰੀਅਲ ਟਾਈਮ ਨਿਊਜ਼ ਅਪਡੇਟ ਵੀਡੀਓ ਸਮੱਗਰੀ ਅਤੇ ਇੰਟਰ ਐਕਟਿਵ ਵਿਸ਼ੇਸ਼ਤਾਵਾਂ ਪ੍ਰਦਾਨ ਕਰਦੇ ਹਨ। ਇਹ ਪਲੇਟਫਾਰਮ ਅਕਸਰ ਰਾਜਨੀਤੀ, ਖੇਡਾਂ, ਮਨੋਰੰਜਨ ਅਤੇ ਸਥਾਨਕ ਖਬਰਾਂ ਸਮੇਤ ਬਹੁਤ ਸਾਰੇ ਵਿਸ਼ਿਆਂ ਨੂੰ ਕਵਰ ਕਰਦੇ ਹਨ। ਉਹ ਲੋਕਾਂ ਨੂੰ ਨਵੀਨਤਮ ਘਟਨਾਵਾਂ ਬਾਰੇ ਸੂਚਿਤ ਕਰਨ ਅਤੇ ਤੇਜ਼ ਪਹੁੰਚ ਯੋਗ ਤਰੀਕੇ ਦੀ ਪੇਸ਼ਕਸ਼ ਕਰਦੇ ਹਨ।

ਡਿਜੀਟਲ ਪੰਜਾਬ ਮੀਡੀਆ ਨੇ ਪੰਜਾਬ ਵਿੱਚ ਵਿਗਿਆਪਨ ਪੋਰਟਲਾਂ ਦੇ ਵਿਕਾਸ ਵਿੱਚ ਵੀ ਸਹਾਇਤਾ ਕੀਤੀ ਹੈ। ਆਨਲਾਈਨ ਖਰੀਦਦਾਰੀ, ਵੈੱਬਸਾਈਟਾਂ ਅਤੇ ਐਪਸ ਭੋਗਤਾਵਾਂ ਨੂੰ ਉਤਪਾਦਾਂ ਅਤੇ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਖਰੀਦਣ ਅਤੇ ਵੇਚਣ, ਨੌਕਰੀ ਦੀਆਂ ਪੋਸਟਾਂ, ਰੀਅਲ ਸਟੇਟ ਸੂਚੀਆਂ ਅਤੇ ਹੋਰ ਬਹੁਤ ਕੁਝ ਲਈ ਇੱਕ ਵਧੀਆ ਪਲੇਟਫਾਰਮ ਪ੍ਰਦਾਨ ਕਰਦੇ ਹਨ। ਇਹ ਉਪਭੋਗਤਾਵਾਂ ਲਈ ਇੱਕ ਗਤੀਸ਼ੀਲ ਅਤੇ ਦਿਲਚ-ਸਪ ਅਨੁਭਵ ਦੀ ਪੇਸ਼ਕਸ਼ ਕਰਦਾ ਹੈ ਇਸ ਨੇ ਲੋਕਾਂ ਦੀ ਜਾਣਕਾਰੀ, ਮਨੋਰੰਜਨ ਅਤੇ ਸੇਵਾਵਾਂ ਦੇ ਤਰੀਕੇ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਨਿਰਸੰਦੇਹ ਡਿਜੀਟਲ ਪੰਜਾਬ ਮੀਡੀਆ ਲੈਂਡਸਕੇਪ ਲਗਾਤਾਰ ਵਿਕ-ਸਿਤ ਹੋ ਰਿਹਾ ਹੈ।





# ਇਕ ਭਾਰਤੀ ਵਿਅਕਤੀ ਨੇ ਗੈਰ ਕਾਨੂੰਨੀ ਢੰਗ ਨਾਲ ਅਮਰੀਕੀ ਨਾਗਰਿਕਤਾ ਲੈਣ ਦੇ ਮਾਮਲੇ ਵਿਚ ਆਪਣਾ ਗੁਨਾਹ ਕਬੂਲਿਆ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਭਾਰਤੀ ਮੂਲ ਦੇ ਅਮਰੀਕੀ ਨੇ ਗੈਰ ਕਾਨੂੰਨੀ ਢੰਗ ਤਰੀਕੇ ਨਾਲ ਅਮਰੀਕੀ ਨਾਗਰਿਕਤਾ ਲੈਣ ਦੇ ਮਾਮਲੇ ਵਿਚ ਆਪਣਾ ਗੁਨਾਹ ਮੰਨ ਲਿਆ ਹੈ। ਯੂ ਐਸ ਅਟਾਰਨੀ ਮਿਡਲ ਡਿਸਟ੍ਰਿਕਟ ਫਲੋਰਿਡਾ ਦਫਤਰ ਅਨੁਸ-ਾਰ ਜੈਪ੍ਰਾਕਾਸ਼ ਗੁਲਵਾੜੀ (51) ਨੂੰ ਵਧ ਤੋਂ ਵਧ 10 ਸਾਲ ਸੰਘੀ ਜੇਲ ਦੀ ਸਜ਼ਾ ਹੋ ਸਕਦੀ ਹੈ। ਅਦਾਲਤੀ ਰਿਕਾਰਡ ਅਨੁਸਾਰ ਗੁਲਵਾੜੀ ਭਾਰਤੀ ਨਾਗਰਿਕ ਵਜੋਂ ਆਰਜੀ ਬਿਜ਼ਨਸ ਵੀਜੇ 'ਤੇ 2001 ਵਿਚ ਅਮਰੀਕਾ ਆਇਆ ਸੀ। ਅਗਸਤ 2008 ਵਿਚ ਆਪਣੀ ਪਹਿਲੀ ਅਮਰੀਕੀ ਨਾਗਰਿਕ ਪਤਨੀ ਜਿਸ ਨਾਲ ਉਸ ਨੇ ਸਾਲ ਪਹਿਲਾਂ ਵਿਆਹ ਕੀਤਾ ਸੀ, ਨੂੰ ਤਲਾਕ ਦੇਣ ਦੇ 2 ਹਫਤਿਆਂ ਬਾਅਦ ਉਸ ਨੇ ਇਕ ਹੋਰ ਅਮਰੀਕੀ ਨਾਗਰਿਕ ਔਰਤ ਨਾਲ ਵਿਆਹ ਕਰਵ-ਾਇਆ। ਇਸ ਵਿਆਹ ਦੇ ਆਧਾਰ 'ਤੇ ਗੁਲਵਾੜੀ ਜੂਨ 2009 ਵਿਚ ਕਾਨੂੰਨੀ ਤੌਰ'ਤੇ ਅਮਰੀਕਾ ਦਾ ਸਥਾਈ ਵਸਨੀਕ ਬਣ ਗਿਆ। ਇਸ ਉਪਰੰਤ 2 ਮਹੀਨੇ ਬਾਅਦ ਗੁਲਵਾੜੀ ਭਾਰਤ ਗਿਆ ਤੇ ਅਮਰੀਕਾ ਵਾਪਿਸ ਜਾਣ ਤੋਂ ਪਹਿਲਾਂ ਉਸ ਨੇ ਇਕ ਭਾਰਤੀ ਔਰਤ ਨਾਲ ਵਿਆਹ ਕਰ ਲਿਆ। ਜਨਵਰੀ 2011 ਵਿਚ ਉਸ ਦੀ ਭਾਰਤੀ ਪਤਨੀ ਦੇ ਬੱਚਾ ਪੈਦਾ ਹੋਇਆ। ਅਗਸਤ 2013 ਵਿਚ ਉਸ ਨੇ ਆਪਣੀ ਅਮਰੀਕਨ ਪਤਨੀ ਨਾਲ ਸਾਰੇ ਸਬੰਧ ਖਤਮ ਕਰ ਲਏ। ਹੋਮਲੈਂਡ ਸਕਿਉਰਿਟੀ ਵੱਲੋਂ ਯੂ ਐਸ ਸਿਟੀਜਨ ਐਂਡ ਇਮੀਗ੍ਰੇਸ਼ਨ ਸਰਵਿਸਜ ਦੀ ਸਹਾਇਤਾ ਨਾਲ ਕੀਤੀ ਜਾਂਚ ਵਿਚ ਪਾਇਆ ਗਿਆ ਕਿ ਇਕ ਸਾਲ ਬਾਅਦ ਉਸ ਨੇ ਨਾਗਰਿਕਤਾ ਲਈ ਦਿੱਤੀ ਦਰਖਾਸਤ ਵਿਚ ਝੂਠ ਬੋਲਿਆ ਕਿ ਉਹ ਇਸ ਸਮੇ ਵਿਆਹਿਆ ਹੋਇਆ ਨਹੀਂ ਹੈ ਤੇ ਨਾ ਹੀ ਉਸ ਦਾ ਕੋਈ ਬੱਚਾ ਹੈ। ਉਸ ਨੇ ਇਹ ਵੀ ਕਿਹਾ ਕਿ ਇਕ ਸਮੇ ਉਸ ਨੇ 2 ਔਰਤਾਂ ਨਾਲ ਵਿਆਹ ਨਹੀਂ ਕੀਤਾ। ਇਸ ਦਰਖਾਸਤ ਦੇ ਆਧਾਰ 'ਤੇ ਉਹ 2014 ਵਿਚ ਅਮਰੀਕੀ ਨਾਗਰਿਕ ਬਣ ਗਿਆ। ਬਾਅਦ ਵਿਚ ਅਮਰੀਕੀ ਪਾਸਪੋਰਟ ਲੈਣ ਸਮੇ ਉਸ ਨੇ ਆਪਣੀ ਭਾਰਤੀ ਪਤਨੀ ਦਾ ਜਿਕਰ ਨਹੀਂ ਕੀਤਾ। ਅਦਾਲਤ ਨੇ ਅਜੇ ਉਸ ਨੂੰ ਸਜ਼ਾ ਸੁਣਾਉਣ ਦੀ ਤਰੀਕ ਨਹੀਂ ਮਿਥੀ ਪਰੰਤੂ ਜੇਕਰ ਉਸ ਨੂੰ ਸਜ਼ਾ ਹੋ ਜਾਂਦੀ ਹੈ ਤਾਂ ਉਸ ਦੀ ਅਮਰੀਕੀ ਨਾਗਰਿਕਤਾ ਆਪਣੇ ਆਪ ਹੀ ਰੱਦ ਹੋ ਜਾਵੇਗੀ।

# ਗਮਾਡਾ ਦੇ ਨਵੇਂ ਡਾਇਰੈਕਟਰਜ਼ ਨੇ ਸੰਭਾਲਿਆ ਕਾਰਜਕਾਰ

ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁਡੀਆਂ, ਪ੍ਰਿੰਸੀਪਲ ਬੁੱਧ ਰਾਮ ਕਾਰਜਕਾਰੀ ਪ੍ਰਧਾਨ, ਬਲਤੇਜ ਪੰਨੂ ਅਤੇ ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈਡ ਰਹੇ ਮੌਜੂਦ



ਐੱਸ.ਏ.ਐੱਸ. ਨਗਰ, 8 ਫਰਵਰੀ (ਗਿਆਨ ਸਿੰਘ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ. ਗੁਰਜੀਤ ਸਿੰਘ ਗਿੱਲ, ਸ. ਸੁਖਵਿੰਦਰ ਸਿੰਘ ਭੋਲਾ ਮਾਨ ਅਤੇ ਸ.ਜਸਵਿੰਦਰ ਸਿੰਘ ਸਿੱਧੂ ਨੂੰ ਡਾਇਰੈਕਟਰ ਗਮਾਡਾ ਨਿਯੁਕਤ ਕੀਤਾ ਗਿਆ ਸੀ। ਇਸੇ ਤਹਿਤ ਉਹਨਾਂ ਨੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਪ੍ਰਿੰਸੀਪਲ ਬੁੱਧਰਾਮ ਕਾਰਜਕਾਰੀ ਪ੍ਰਧਾਨ, ਮੁੱਖ ਮੰਤਰੀ ਦੇ ਡਾਇਰੈਕਟਰ ਮੀਡੀਆ ਰਿਲੇਸ਼ਨਜ਼ ਬਲਤੇਜ ਪੰਨੂ,ਅਮਨਦੀਪ ਸਿੰਘ ਮੋਹੀ ਚੇਅਰਮੈਨ ਮਾਰਕਫੈਡ ਅਤੇ ਅਹਬਾਬ ਸਿੰਘ ਗਰੇਵਾਲ ਨੈਸ਼ਨਲ ਸਪੋਕ-ਸਪਰਸਨ ਦੀ ਹਾਜ਼ਰੀ ਵਿੱਚ ਕਲ੍ਹ ਆਪਣਾ ਕਾਰਜਭਾਰ ਸੰਭਾਲਿਆ।

ਇਸ ਮੌਕੇ ਸ. ਗੁਰਜੀਤ ਸਿੰਘ ਗਿੱਲ, ਸੁਖਵਿੰਦਰ ਸਿੰਘ ਭੋਲਾ ਮਾਨ ਅਤੇ ਜਸਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਧੰਨਵਾਦੀ ਹਨ,

ਜਿਨ੍ਹਾਂ ਨੇ ਉਹਨਾਂ ਨੂੰ ਡਾਇਰੈਕਟਰ ਗਮਾਡਾ ਦੀ ਜ਼ੰਮੇਵਾਰੀ ਦਿੱਤੀ ਹੈ। ਉਹਨਾਂ ਵੱਲੋਂ ਦਿੱਤੀ ਜ਼ੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਹਨਾਂ ਕਿਹਾ ਕਿ

ਪਹਿਲੀਆਂ ਸਰਕਾਰਾਂ ਸਿਰਫ ਆਪਣੇ ਰਿਸ਼ਤੇਦਾਰ ਜਾਂ ਚਹੇਤਿਆਂ ਨੂੰ ਹੀ ਵੱਡੀ ਜ਼ੰਮੇਵਾਰੀਆਂ ਦਿੰਦੀਆਂ ਸਨ ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਆਮ ਆਦਮੀ ਪਾਰਟੀ ਨੇ ਆਮ ਵਰਕਰਾਂ ਨੂੰ ਇੰਨੀ ਵੱਡੀ ਜ਼ੰਮੇਵਾਰੀ ਦਿੱਤੀ ਹੈ।

ਇਸ ਮੌਕੇ ਵਿਧਾਇਕ ਸ. ਜੀਵਨ ਸਿੰਘ ਸੰਗੋਵਾਲ, ਵਿਧਾਇਕ ਰਜਿੰ-ਦਰਪਾਲ ਕੌਰ ਛੀਨਾ, ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ, ਸੁਰੇਸ਼ ਗੋਇਲ ਚੇਅਰਮੈਨ ਕੋਆਪਰੇਟਿਵ ਐਂਡ ਐਗਰੀਕਲਚਰ ਡਿਵੈਲਪਮੈਂਟ ਬੈਂਕ, ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀ ਬੋਰਡ, ਲਾਡੀ ਢੋਸ ਵਿਧਾਇਕ, ਪ੍ਰਭਜੋਤ ਕੌਰ ਮੋਹਾਲੀ ਚੇਅਰਪਰਸਨ ਜ਼ਿਲ੍ਹਾ ਪਲਾਨਿੰਗ ਕਮੇਟੀ ਮੋਹਾਲੀ, ਸ਼ਰਨਪਾਲ ਸਿੰਘ ਮੱਕੜ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਲੁਧਿਆਣਾ, ਐਡਵੋਕੇਟ ਜਸਮਨ ਸਿੰਘ ਗਿੱਲ, ਹਰ ਭੁਪਿੰਦਰ ਸਿੰਘ ਧਰੋੜ, ਮਾਸਟਰ ਹਰੀ ਸਿੰਘ ਆਦਿ ਹਾਜ਼ਰ ਸਨ।




# ਨਬਾਲਗ ਵੱਲੋਂ ਸਕੂਲ ਵਿਚ 4 ਸਾਥੀ ਵਿਦਿਆਰਥੀਆਂ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਮਾਂ ਦੋਸ਼ੀ ਕਰਾਰ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਜੈਨੀਫਰ ਕਰੂੰਬਲੇ ਜੋ ਉਸ ਨਬਾਲਗ ਦੀ ਮਾਂ ਹੈ ਜਿਸ ਨੇ 2021 ਵਿਚ ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਘਰੋਂ ਲਿਆਂਦੀ ਗੰਨ ਨਾਲ ਗੋਲੀਆਂ ਮਾਰ ਕੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ, ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਪਾਇਆ ਕਿ ਸਕੂਲ ਵਿਚ ਹੋਈ ਗੋਲੀਬਾਰੀ ਲਈ ਮਾਂ ਵੀ ਜਿੰਮੇਵਾਰ ਹੈ ਜਿਸ ਨੇ ਘਰ ਵਿਚ ਰਖੀ ਬੰਦੂਕ ਦੀ ਸੰਭਾਲ ਨਹੀਂ ਕੀਤੀ। 12 ਮੈਂਬਰੀ ਜਿਊਰੀ ਨੇ ਜੈਨੀਫਰ ਕਰੂੰਬਲੇ ਨੂੰ ਉਸ ਵਿਰੁੱਧ ਲੱਗੇ ਸਾਰੇ ਗੈਰ ਇਰਾਦਾ ਹੱਤਿਆਵਾਂ ਦੇ 4 ਦੋਸ਼ਾਂ ਲਈ ਦੋਸ਼ੀ ਕਰਾਰ ਦਿੱਤਾ। ਜਿਊਰੀ ਨੇ 10 ਘੰਟੇ ਤੋਂ ਵਧ ਸਮਾਂ ਸੁਣਵਾਈ ਉਪਰੰਤ ਜਦੋਂ ਫੈਸਲਾ ਪੜਿਆ ਤਾਂ ਕਰੂੰਬਲੇ (45) ਨੇ ਹੇਠਾਂ ਵੱਲ ਤਕਿਆ ਤੇ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ। 30 ਨਵੰਬਰ 2021 ਨੂੰ ਕਰੂੰਬਲੇ ਨੇ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਨਬਾਲਗ ਵੱਲੋਂ ਕੀਤੀ ਗੋਲੀਬਾਰੀ ਵਿਚ 4 ਵਿਦਿਆਰਥੀ ਮਾਰੇ ਗਏ ਸਨ ਤੇ 6 ਹੋਰ ਵਿਦਿਆਰਥੀ ਤੇ ਇਕ ਅਧਿਆਪਕ ਜਖਮੀ ਹੋ ਗਿਆ ਸੀ। ਉਸ ਨੂੰ 9 ਅਪ੍ਰੈਲ ਨੂੰ ਸਜ਼ਾ ਸੁਣਾਈ ਜਾਵੇਗੀ।


Grand Upholstery Ltd
Sofa Company Originality in Every Piece
Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



URGENTLY NEED NEW LISTINGS IN BRAMPTON/CALEDON



visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE

CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED IN YOUR NEIGHBOURHOOD

**Sandalwood & Sunny Meadow Blvd**



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿੰਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

**James Potter/Queen/Bonnie Brae**



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਉਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

**Caledon Ontario (Dir/Cross St:Mayfield/ Mclaughlin/Tweedhill)**



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

**Bramalea/Father Tobin /Fernfor**



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232
JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017